ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 68 Daily Newspaper Monday, April 08, 2019 Tel: 905-793-2202 Fax: 905-793-2282 news@punjabipost.ca



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2


# ਟਰੂਡੋ ਦੇ ਵਕੀਲ ਨੇ ਐਸਐਨਸੀ-ਲਾਵਾਲਿਨ ਮਾਮਲੇ 'ਚ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ ਦੀ ਦਿੱਤੀ ਧਮਕੀ : ਸ਼ੀਅਰ



ਓਟਵਾ, 7 ਅਪਰੈਲ (ਪੋਸਟ ਬਿਊਰੋ) : ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਮਾਂਟਰੀਅਲ ਦੀ ਇੰਜੀਨੀਅਰਿੰਗ ਕੰਪਨੀ ਖਿਲਾਫ ਮੁਜਰਮਾਨਾਂ ਕਾਰਵਾਈ ਨੂੰ ਰੋਕਣ ਲਈ ਪ੍ਰਧਾਨ ਮੰਤਰੀ ਵੱਲੋਂ ਸਿਆਸੀ ਤੌਰ ਉੱਤੇ ਦਖਲ ਦੇਣ ਦੀ ਗੱਲ ਉੱਤੇ ਅੜੇ ਰਹਿਣ ਕਾਰਨ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਉੱਤੇ ਕੇਸ ਕਰਨ ਦੀ ਜਸਟਿਨ ਟਰੂਡੋ ਦੇ ਵਕੀਲ ਵੱਲੋਂ ਧਮਕੀ ਦਿੱਤੀ ਗਈ ਹੈ। ਇਸ ਉੱਤੇ ਸ਼ੀਅਰ ਵੱਲੋਂ ਟਰੂਡੋ ਨੂੰ ਇਹ ਚੈਲਿੰਜ ਕੀਤਾ ਜਾ ਰਿਹਾ ਹੈ ਕਿ ਉਹ ਆਪਣੇ ਇਸ ਇਰਾਦੇ ਨੂੰ ਪੂਰਾ ਕਰਨ।

ਐਤਵਾਰ ਨੂੰ ਕੰਜ਼ਰਵੇਟਿਵ ਆਗੂ ਵੱਲੋਂ ਇਹ ਖੁਲਾਸਾ ਕੀਤਾ ਗਿਆ ਕਿ 31 ਮਾਰਚ ਨੂੰ ਉਨ੍ਹਾਂ ਨੂੰ ਟਰੂਡੋ ਦੇ ਵਕੀਲ ਜੂਲੀਅਨ ਪੌਰਟਰ ਕੋਲੋਂ ਇੱਕ ਚਿੱਠੀ ਮਿਲੀ ਜਿਸ ਵਿੱਚ ਉਨ੍ਹਾਂ ਨੂੰ ਅਦਾਲਤੀ ਮੁਕੱਦਮੇ ਦਾ ਸਾਹਮਣਾ ਕਰਨ ਦੀ ਧਮਕੀ ਦਿੱਤੀ ਗਈ ਸੀ। ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼ੀਅਰ ਨੇ ਆਖਿਆ ਕਿ ਇਸ ਸਕੈਂਡਲ ਦੇ ਸਬੰਧ ਵਿੱਚ ਉਨ੍ਹਾਂ ਟਰੂਡੋ ਵੱਲੋਂ ਚੁੱਕੇ ਗਏ ਕਦਮਾਂ ਬਾਰੇ ਜਿਹੜੀ ਵੀ ਨੁਕਤਾਚੀਨੀ ਕੀਤੀ ਹੈ ਉਹ ਉਸ ਉੱਤੇ ਅਜੇ ਵੀ ਕਾਇਮ ਹਨ।

ਸ਼ੀਅਰ ਨੇ ਆਖਿਆ ਕਿ ਜੇ ਟਰੂਡੋ ਨੂੰ ਲੱਗਦਾ ਹੈ ਕਿ ਉਹ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕਰਨੀ ਚਾਹੁੰਦੇ ਹਨ, ਜੇ ਉਨ੍ਹਾਂ ਕੋਲ ਉਨ੍ਹਾਂ ਖਿਲਾਫ ਕੋਈ ਕੇਸ ਹੈ ਤਾਂ ਉਨ੍ਹਾਂ ਨੂੰ ਇਸ ਪਾਸੇ ਫੌਰੀ ਕਾਰਵਾਈ ਕਰਨੀ ਚਾਹੀਦੀ ਹੈ। ਸ਼ੀਅਰ ਨੇ ਆਖਿਆ ਕਿ ਇਹ ਲੋਕ ਹਿਤ ਦਾ ਮਾਮਲਾ ਹੈ ਤੇ ਇਸ ਨੂੰ ਕਾਨੂੰਨੀ ਦਾਇਰੇ ਵਿੱਚ ਰਹਿ ਕੇ ਜਲਦ ਸੁਣਵਾਈ ਲਈ ਲਿਆਂਦਾ ਜਾਣਾ ਚਾਹੀਦਾ ਹੈ ਜਿੱਥੇ ਲਿਬਰਲ ਕਿਸੇ ਕਿਸਮ ਦੀਆਂ ਪ੍ਰੋਸੀਡਿੰਗਜ਼ ਨੂੰ ਕੰਟਰੋਲ ਨਾ ਕਰਦੇ ਹੋਣ। ਸ਼ੀਅਰ ਨੇ ਆਖਿਆ ਕਿ ਉਹ ਵੀ ਚਾਹੁੰਦੇ ਹਨ ਕਿ ਟਰੂਡੋ ਓਪਨ ਕੋਰਟ ਵਿੱਚ ਸੰਹੁ ਚੁੱਕ ਕੇ ਕਈ ਘੰਟਿਆਂ ਲਈ ਗਵਾਹੀ ਦੇਣ।

ਸ਼ੀਅਰ ਨੇ ਅੱਗੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਟਰੂਡੋ ਦੀ ਇਹ ਧਮਕੀ ਅਸਲ ਵਿੱਚ ਵਿਰੋਧੀ ਧਿਰ ਨੂੰ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਪੂਰੀ ਕਰਨ ਤੋਂ ਰੋਕਣ ਦੀ ਚਾਲ ਹੈ। ਸੱਚ ਜਾਨਣ ਲਈ ਜਿਹੜੇ ਟਰੂਡੋ ਸਾਹਮਣੇ ਖੜ੍ਹੇ ਹੋਣ ਦਾ ਜੇਰਾ ਰੱਖਦੇ ਹਨ ਉਨ੍ਹਾਂ ਨੂੰ ਚੁੱਪ ਕਰਵਾਏ ਜਾਣ ਲਈ ਪ੍ਰਧਾਨ ਮੰਤਰੀ ਵੱਲੋਂ ਇਹ ਤਰੀਕਾ ਅਪਣਾਇਆ ਜਾ ਰਿਹਾ ਹੈ, ਜਿਵੇਂ ਕਿ ਉਨ੍ਹਾਂ ਨੇ ਸਾਬਕਾ ਅਟਾਰਨੀ ਜਨਰਲ ਵਿਲਸਨ ਰੇਅਬੋਲਡ ਨੂੰ ਚੁੱਪ ਕਰਵਾਉਣ ਦਾ ਤਰੀਕਾ ਅਪਣਾਇਆ ਸੀ। ਟਰੂਡੋ ਨਹੀਂ ਚਾਹੁੰਦੇ ਕਿ ਅਜਿਹੇ ਮਾਮਲੇ ਵਿੱਚ ਸਰਕਾਰ ਦੀ ਜਵਾਬਦੇਹੀ ਤੈਅ ਕੀਤੀ ਜਾਵੇ।

ਦੂਜੇ ਪਾਸੇ ਇੱਕ ਬਿਆਨ ਜਾਰੀ ਕਰਕੇ ਪ੍ਰਧਾਨ ਮੰਤਰੀ ਆਫਿਸ ਨੇ ਇਹ ਆਖਿਆ ਹੈ ਕਿ ਸ਼ੀਅਰ ਤੇ ਉਨ੍ਹਾਂ ਦੀ ਪਾਰਟੀ ਨੇ ਝੂਠੇ ਤੇ ਉਨ੍ਹਾਂ ਦੀ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਬਿਆਨ ਦਿੱਤੇ ਹਨ। ਅਜਿਹੇ ਝੂਠੇ ਬਿਆਨ ਦੇਣ ਲਈ ਅਸੀਂ ਉਨ੍ਹਾਂ ਨੂੰ ਇਸ ਦਾ ਖਮਿਆਜਾ ਭੁਗਤਣ ਵਾਸਤੇ ਨੋਟਿਸ ਦੇਣਾ ਚਾਹੁੰਦੇ ਹਾਂ।

# ਅਮਰੀਕੀ ਸਰਹੱਦ ਨੇੜੇ ਰਹਿਣ ਵਾਲੇ ਕਿਊਬਿਕ ਵਾਸੀਆਂ ਨੂੰ ਸਰਕਾਰ ਦੇਵੇਗੀ 405,000 ਡਾਲਰ ਦਾ ਮੁਆਵਜ਼ਾ



ਮਾਂਟਰੀਅਲ, 7 ਅਪਰੈਲ (ਪੋਸਟ ਬਿਊਰੋ) : ਕੈਨੇਡਾ ਦੇ ਅਮਰੀਕਾ ਦੀ ਸਰਹੱਦ ਦੇ ਨਾਲ ਲੱਗਦੇ ਇਲਾਕੇ ਵਿੱਚ ਰਹਿਣ ਵਾਲੇ ਕਿਊਬਿਕ ਵਾਸੀਆਂ ਨੂੰ ਇੱਥੇ ਵਧੀ ਆਵਾਜਾਈ ਤੇ ਸ਼ੋਰ ਸ਼ਰਾਬੇ ਕਾਰਨ ਸਰਕਾਰ ਵੱਲੋਂ 400,000 ਡਾਲਰ ਤੋਂ ਵੱਧ ਦਾ ਮੁਆਵਜ਼ਾ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਸੱਭ 2017 ਵਿੱਚ ਇਸ ਲਾਂਘੇ ਰਾਹੀਂ ਹਜ਼ਾਰਾਂ ਦੀ ਗਿਣਤੀ ਵਿੱਚ ਕੈਨੇਡਾ ਪਹੁੰਚੇ ਮਾਈਗ੍ਰੈਂਟਸ ਕਾਰਨ ਇਸ ਸਰਹੱਦੀ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਨੂੰ ਹੋਈ ਤੰਗੀ ਲਈ ਕੀਤਾ ਜਾ ਰਿਹਾ ਹੈ। ਪਿਛਲੇ ਮਹੀਨੇ ਫੈਡਰਲ ਸਰਕਾਰ ਵੱਲੋਂ ਪੇਸ਼ ਕੀਤੇ ਗਏ ਆਰਡਰ ਪੇਪਰ ਵਿੱਚ ਆਖਿਆ ਗਿਆ ਕਿ ਰੌਕਜ਼ਮ ਰੋਡ ਨੇੜੇ ਰਹਿਣ ਵਾਲੇ 45 ਘਰਾਂ ਵਿਚ 405,000 ਡਾਲਰ ਵੰਡਿਆ ਜਾਣਾ ਚਾਹੀਦਾ ਹੈ। ...ਬਾਕੀ ਪੰਨਾ 6 'ਤੇ



ਬੀਤੇ ਦਿਨੀਂ ਬਰੈਂਪਟਨ ਵਿਖੇ ਕੇਅਰ ਫਾਰ ਕਾਜ਼ ਸੰਸਥਾ ਵੱਲੋਂ ਇਕ ਵੱਡਾ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਚ ਕੰਜ਼ਰਵਟਿਵ ਪਾਰਟੀ ਦੇ ਆਗੂ ਐਂਡ੍ਰਿਊ ਸ਼ੀਅਰ ਦੇ ਨਾਲ-ਨਾਲ ਪੰਜਾਬੀ ਭਾਈਚਾਰੇ ਦੀ ਸ਼ਾਨ ਟਾਈਗਰ ਜੀਤ ਸਿੰਘ ਮੁੱਖ ਮਹਿਮਾਨ ਵਜੋਂ ਸਾਮਲ ਹੋਏ। ਉਪਰ ਤਸਵੀਰ ਵਿਚ ਇਨ੍ਹਾਂ ਦੋਵਾਂ ਪ੍ਰਮੁੱਖ ਸ਼ਖਸੀਅਤਾਂ ਦੇ ਨਾਲ ਨਾਲ ਨਿਕ ਗਹੁਨੀਆ, ਜਸਵੀਰ ਭੱਟੀ ਅਤੇ ਮਿਸਟਰ ਜੋਸ਼ੀ ਆਦਿ ਨਜ਼ਰ ਆ ਰਹੇ ਹਨ।

# ਸਿੱਖਾਂ ਤੇ ਮੁਸਲਮਾਨਾਂ ਨੂੰ ਅੱਤਵਾਦੀ ਦੱਸਣ ਵਾਲੀ ਰਿਪੋਰਟ ਬਾਰੇ ਐਨਡੀਪੀ ਵੱਲੋਂ ਗੁਡੇਲ ਨੂੰ ਕਮੇਟੀ ਸਾਹਮਣੇ ਪੇਸ਼ ਕਰਨ ਦੀ ਮੰਗ



ਰਾਲਫ ਗੁਡੇਲ

ਓਟਵਾ, 7 ਅਪਰੈਲ (ਪੋਸਟ ਬਿਊਰੋ) : ਪਿਛਲੇ ਬੁੱਧਵਾਰ ਐਨਡੀਪੀ ਦੇ ਪਬਲਿਕ ਸੇਫਟੀ ਕ੍ਰਿਟਿਕ ਮੈਥਿਊ ਡਿਊਬ ਨੇ ਪਬਲਿਕ ਸੇਟਫੀ ਤੇ ਨੈਸ਼ਨਲ ਸਕਿਊਰਿਟੀ ਸਬੰਧੀ ਮੌਜੂਦਾ ਕਮੇਟੀ ਨੂੰ ਪਬਲਿਕ ਸੇਫਟੀ ਤੇ ਐਮਰਜੰਸੀ ਪ੍ਰੀਪੇਅਰਡਨੈੱਸ ਬਾਰੇ ਮੰਤਰੀ ਰਾਲਫ ਗੁਡੇਲ ਨੂੰ ਕਮੇਟੀ ਸਾਹਮਣੇ ਪੇਸ਼ ਕਰਨ ਦੇ ਆਪਣੇ ਇਰਾਦੇ ਬਾਰੇ ਦੱਸਿਆ। ਡਿਊਬ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ 11 ਦਸੰਬਰ, 2018 ਨੂੰ ਪਾਰਲੀਆਮੈਂਟ ਵਿਚ ਪੇਸ਼ ਕੀਤੀ ਗਈ ਰਿਪਰੋਟ, ਜਿਸ ਵਿੱਚ ਕੈਨੇਡਾ ਨੂੰ ਅੱਤਵਾਦ ਤੋਂ ਖਤਰਾ ਦਰਸਾਇਆ ਗਿਆ ਸੀ, ਦੇ ਸਬੰਧ ਵਿੱਚ ਗੁਡੇਲ ਕਮੇਟੀ ਸਾਹਮਣੇ ਪੇਸ਼ ਹੋ ਕੇ ਸਵਾਲਾਂ ਦੇ ਜਵਾਬ ਦੇਣ।

ਪਿਛਲੇ ਸਾਲ ਦਸੰਬਰ ਵਿੱਚ ਗੁਡੇਲ ਨੂੰ ਇੱਕ ਪੱਤਰ ਭੇਜਣ ਤੋਂ ਬਾਅਦ ਜਦੋਂ ਪਬਲਿਕ ਸੇਫਟੀ ਮੰਤਰੀ ਨੇ ਉਸ ਦਾ ਕੋਈ ਜਵਾਬ ਨਹੀਂ ਦਿੱਤਾ ਤਾਂ ਡਿਊਬ ਨੇ ਇਹ ਮਤਾ ਪੇਸ਼ ਕੀਤਾ। ਡਿਊਬ ਨੇ ਪੱਤਰ ਰਾਹੀਂ ਇਹ ਸਵਾਲ ਪੁੱਛੇ ਸਨ ਕਿ ਸਿੱਖ ਤੇ ਮੁਸਲਮਾਨ ਭਾਈਚਾਰੇ ਨੂੰ ਅੱਤਵਾਦੀਆਂ ਦਾ ਦਰਜਾ ਕਿਉਂ ਦਿੱਤਾ ਗਿਆ ਹੈ। ਇਸ ਬਾਰੇ ਚਿੰਤਾ ਪ੍ਰਗਟਾਉਂਦਿਆਂ ਡਿਊਬ ਨੇ ਆਪਣੇ ਪੱਤਰ ਵਿੱਚ ਇਹ ਵੀ ਚਿੰਤਾ ਪ੍ਰਗਟਾਈ ਕਿ ਇਸ ਤਰ੍ਹਾਂ ਦੇ ਲੇਬਲ ਲੱਗਣ ਦਾ ਕਿੰਨਾ ਖਤਰਾ ਹੈ ਤੇ ਇਸ ਨਾਲ ਇਨ੍ਹਾਂ ਦੋਵਾਂ ਕਮਿਊਨਿਟੀਜ਼ ਦੇ ਅਕਸ ਬਾਰੇ ਲੋਕਾਂ ਦੀ ਧਾਰਨਾ ਪੱਕੀ ਹੋ ਜਾਵੇਗੀ, ਜੋ ਕਿ ਗਲਤ ਹੈ।

ਬੁੱਧਵਾਰ ਨੂੰ ਕਮੇਟੀ ਨਾਲ ਗੱਲ ਕਰਦਿਆਂ ਡਿਊਬ ਨੇ ਹੇਠ ਲਿਖਿਆ ਮਤਾ ਪੇਸ਼ ਕੀਤਾ ਕਿ ਕਮੇਟੀ ਪਬਲਿਕ ਸੇਫਟੀ ਤੇ ਐਮਰਜੰਸੀ ਪ੍ਰੀਪੇਅਰਡਨੈੱਸ ਮੰਤਰੀ 21 ਜੂਨ, 2019 ਤੋਂ ਪਹਿਲਾਂ ਆਪਣੇ ਸਾਹਮਣੇ ਪੇਸ਼ ਹੋਣ ਲਈ ਆਖੇ ਤਾਂ ਕਿ ਉਨ੍ਹਾਂ ਤੋਂ 2018 ਵਿੱਚ ਜਨਤਕ ਕੀਤੀ ਗਈ ਰਿਪੋਰਟ ਬਾਰੇ ਸਵਾਲ ਜਵਾਬ ਕੀਤੇ ਜਾ ਸਕਣ। ਡਿਊਬ ਨੇ ਆਖਿਆ ਕਿ ਜਿਨ੍ਹਾਂ ਕਮਿਊਨਿਟੀਜ਼ ਦੇ ਨਾਂ ਇਸ ਰਿਪੋਰਟ ਵਿੱਚ ਲਏ ਗਏ ਹਨ ਉਨ੍ਹਾਂ ਨੇ ਵੀ ਇਸ ਬਾਰੇ ਚਿੰਤਾ ਪ੍ਰਗਟਾਈ ਹੈ ਕਿ ਉਨ੍ਹਾਂ ਉੱਤੇ ਇਸ ਦਾ ਕੀ ਪ੍ਰਭਾਵ ਹੋਵੇਗਾ। ਉਨ੍ਹਾਂ ਆਖਿਆ ਕਿ ਇਹ ਗੱਲ ਮੁੜ ਵਿਚਾਰਨ ਵਾਲੀ ਹੈ ਕਿ ਇਸ ਰਿਪੋਰਟ ਵਿੱਚ ਇਨ੍ਹਾਂ ਗਰੁੱਪਜ਼ ਦੇ ਨਾਂ ਕਿਵੇਂ ਆਏ। ਇਸ ਫੈਸਲੇ ਬਾਰੇ ਚੰਗੀ ਤਰ੍ਹਾਂ ਸੋਚ ਵਿਚਾਰ ਕੀਤੇ ਜਾਣ ਦੀ ਲੋੜ ਹੈ।

ਜਗਮੀਤ ਸਿੰਘ ਤੇ ਐਨਡੀਪੀ ਦਾ ਮੰਨਣਾ ਹੈ ਕਿ ਕੈਨੇਡੀਅਨ ਬਿਹਤਰ ਡਿਜ਼ਰਵ ਕਰਦੇ ਹਨ। ਉਨ੍ਹਾਂ ਸਾਰੇ ਲਿਬਰਲਾਂ ਤੇ ਕੰਜ਼ਰਵੇਟਿਵ ਮੈਂਬਰਾਂ ਨੂੰ ਇਸ ਮਤੇ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਤੇ ਆਖਿਆ ਕਿ ਇਹ ਮੁੱਦਾ ਜੋ ਕਿ ਸਿੱਖਾਂ ਤੇ ਮੁਸਲਮਾਨ ਕਮਿਊਨਿਟੀ ਲਈ ਅਹਿਮ ਹੈ, ਨੂੰ ਹੱਲ ਕਰਨ ਲਈ ਗੁਡੇਲ ਕਮੇਟੀ ਸਾਹਮਣੇ ਪੇਸ਼ ਹੋ ਕੇ ਸਵਾਲਾਂ ਦੇ ਜਵਾਬ ਦੇਣ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ!
Toronto Pest Arrest Pest Control Services Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke
Punjab Insurance Inc

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਮਿਰਦਈ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Email: info@hsbatax.com | Prabhjot Kaur Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

Law Office of Aman Sharma
Real Estate Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780 905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

PUNJAB SINDH FINANCE
TRUCK/TRAILER LOAN & REFINANCE
PUNJABSINDH FINANCE · PSF · EVERY ... MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)

TOTAL HOME Windows & Doors ਮਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit: https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

JR Chartered Professional Accountant
Rajwinder Johal
PROFESSIONAL CORPORATION

TAX SEASON!!!
For all your Accounting and Tax needs call 416 823 2556


Services offered:
- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. ***QuickBooks online will be used, which provides you with an access to you books from anywhere the world.***

Please contact me today for more information!
Or visit my website: www.rjohalcpa.ca or Call (416) 823 2556.

ਮੂੰਹੋ ਬੋਲਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops





We Specialize In: 100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਚੜ੍ਹਦੇ ਜੋਬਨ ਦੇ ਵਾਂਗ ਹੈ ਆਈ ਗਰਮੀ,
ਪਾਰਾ ਮਾਰ ਕੇ ਛਾਲ ਜਿਹੀ ਚੜ੍ਹਨ ਲੱਗਾ।
ਵਗਦੀ ਹਵਾ ਹੈ ਨਹੀਂ, ਜਿਹੜੀ ਠੱਲ੍ਹ ਪਾਵੇ,
ਰਫਤਾਰ ਸੂਰਜ ਦਾ ਸੇਕ ਆ ਫੜਨ ਲੱਗਾ।
ਔਖਾ ਹੋਇਆ ਦੋਪਹਿਰਾਂ ਨੂੰ ਕਿਤੇ ਜਾਣਾ,
ਮਜਬੂਰੀ ਵੇਖ ਕੇ ਬੰਦਾ ਈ ਖੜਨ ਲੱਗਾ।
ਬਿਜਲੀ ਕਿਸੇ ਵੀ ਕਾਰਨ ਜੇ ਅਟਕਦੀ ਤਾਂ,
ਮੁੜ੍ਹਕਾ ਵਗਣ ਤੇ ਹੱਡਾਂ ਨਾਲ ਲੜਨ ਲੱਗਾ।
ਉੱਤੋਂ ਮੁਸ਼ਕਲ ਕਿ ਰਹੇ ਨਾ ਜਿਸਮ ਪਹਿਲੇ,
ਝੱਲਦੇ ਔਖ ਬਈ ਰਤਾ ਇਨਸਾਨ ਹੈ ਨਹੀਂ।
ਮਜਬੂਰੀ ਮਾਰੇ ਤਾਂ ਕਾਰਜ ਨਾ ਟਾਲ ਸਕਦੇ,
ਨਹੀਂ ਤਾਂ ਲੋਕਾਂ ਦੀ ਦਿੱਸਦੀ ਜਾਨ ਹੈ ਨਹੀਂ।

ਤੀਸ ਮਾਰ ਖਾਂ

# ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਦੇ ਨੇੜੂਆਂ ਉੱਤੇ ਇਨਕਮ ਟੈਕਸ ਦੀ ਛਾਪੇਮਾਰੀ

*** 18 ਕਰੋੜ ਬਰਾਮਦ ਕਰ ਲੈਣ ਦਾ ਦਾਅਵਾ**

ਭੋਪਾਲ, 7 ਅਪਰੈਲ, (ਪੋਸਟ ਬਿਊਰੋ)- ਆਮਦਨ ਟੈਕਸ ਵਿਭਾਗ ਨੇ ਐਤਵਾਰ ਤੜਕੇ ਮੱਧ ਪ੍ਰਦੇਸ਼ ਦੇ ਕਾਂਗਰਸੀ ਮੁੱਖ ਮੰਤਰੀ ਕਮਲਨਾਥ ਦੇ ਕਰੀਬੀ ਗਿਣੇ ਜਾਂਦੇ ਰਾਜੇਂਦਰ ਮਿਗਲਾਨੀ ਅਤੇ ਇੱਕ ਵਿਸ਼ੇਸ਼ ਡਿਊਟੀ ਅਫਸਰ (ਓ ਐੱਸਡੀ) ਪ੍ਰਵੀਨ ਕੱਕੜ ਦੇ ਭੋਪਾਲ, ਇੰਦੌਰ, ਦਿੱਲੀ ਤੇ ਗੋਆ ਵਿਚਲੇ 50 ਟਿਕਾਣਿਆਂ ਉੱਤੇ ਛਾਪੇ ਮਾਰਨ ਦੀ ਕਾਰਵਾਈ ਕੀਤੀ ਹੈ। ਕਮਲਨਾਥ ਦੇ ਭਣੇਵੇਂ ਰਤੁਲ ਪੁਰੀ ਨੂੰ ਵੀ ਜਾਂਚ ਦੇ ਘੇਰੇ ਵਿਚ ਲਏ ਜਾਣ ਦੀ ਖ਼ਬਰ ਹੈ।

ਇਸ ਦੌਰਾਨ ਦੱਸਿਆ ਗਿਆ ਹੈ ਕਿ ਭੋਪਾਲ ਦੇ ਪਲੈਟੀਨਮ ਪਲਾਜ਼ਾ ਦੇ ਇਕ ਫਲੈਟ ਤੋਂ ਨੌਂ ਕਰੋੜ ਰੁਪਏ ਤੋਂਵੱਧ ਰਕਮ ਬਰਾਮਦ ਹੋਈ ਹੈ। ਇੰਦੌਰ ਸ਼ਹਿਰ ਵਿੱਚ ਨੌਂ ਥਾਵਾਂ ਉੱਤੇਕੀਤੀ ਗਈ ਜਾਂਚ ਵਿੱਚ ਨੌਂ ਕਰੋੜ ਰੁਪਏ ਬਰਾਮਦ ਹੋਣ ਦੀ ਗੱਲ ਕਹੀ ਜਾ ਰਹੀ ਹੈ। ਨਵੀਂ ਦਿੱਲੀ ਦੇ ਗ੍ਰੀਨ ਪਾਰਕ ਵਿੱਚ ਮਿਗਲਾਨੀ ਦੇ ਘਰ ਵੀ ਜਾਂਚ ਚੱਲ ਰਹੀ ਹੈ ਤੇ ਏਥੋਂਵੀ ਨਕਦੀ ਮਿਲਣ ਦੀ ਸੂਚਨਾ ਹੈ, ਪਰਮਿਲ ਰਹੀ ਅਸਲੀ ਰਕਮ ਦਾ ਅੰਕੜਾ ਵਿਭਾਗ ਨੇ ਜਾਰੀ ਨਹੀਂ ਕੀਤਾ।

ਮਿਲ ਸਕੀ ਜਾਣਕਾਰੀ ਮੁਤਾਬਕ ਐਤਵਾਰ ਤੜਕੇ ਤਿੰਨ ਵਜੇ ਸ਼ੁਰੂ ਹੋਈ ਇਸ ਕਾਰਵਾਈ ਵਿੱਚ ਪ੍ਰਵੀਨ ਕੱਕੜ ਦੇ ਇੱਕ ਕਰੀਬੀ ਪ੍ਰਤੀਕ ਜੋਸ਼ੀ ਤੇ ਅਸ਼ਵਨੀ ਸ਼ਰਮਾ ਦੇ ਭੋਪਾਲ ਵਾਲੇ ਫਲੈਟ ਤੋਂ ਨਕਦੀ ਮਿਲਣ ਦੇ ਨਾਲ ਵੱਡੀ ਗਿਣਤੀ ਵਿਚ ਦਸਤਾਵੇਜ਼ ਮਿਲੇ ਹਨ। ਅਸ਼ਵਨੀ ਸ਼ਰਮਾ ਨੂੰ ਇੱਕ ਗੈਰ ਸਰਕਾਰੀ ਸੰਸਥਾ (ਐੱਨ ਜੀ ਓ) ਦਾ ਸੰਚਾਲਕ ਅਤੇ ਪ੍ਰਤੀਕ ਜੋਸ਼ੀ ਨੂੰ ਕੱਕੜ ਦਾ ਨੇੜਲਾ ਕਿਹਾ ਜਾਂਦਾ ਹੈ, ਜਿਸ ਦੇ ਟਿਕਾਣੇ ਤੋਂ ਅੱਧਾ ਦਰਜਨ ਬ੍ਰੀਫਕੇਸ ਤੇ ਕਾਗ਼ਜ਼ ਦੇ ਡੱਬਿਆਂ ਵਿਚ ਨੋਟਾਂ ਦੇ ਬੰਡਲ ਭਰੇ ਹੋਏ ਮਿਲੇ ਹਨ। ਲੋਕ ਸਭਾ ਚੋਣਾਂ ਤੋਂਐਨ ਪਹਿਲਾਂ ਕੀਤੀ ਜਾ ਰਹੀ ਇਸ ਕਾਰਵਾਈ ਨਾਲ ਸਿਆਸੀ ਅਤੇ ਪ੍ਰਸ਼ਾਸਨਿਕ ਹਲਕਿਆਂ ਵਿਚ ਤਰਥੱਲੀ ਮੱਚ ਗਈ ਹੈ।

ਆਮਦਨ ਟੈਕਸ ਇਨਵੈਸਟੀਗੇਸ਼ਨ ਵਿੰਗ ਦੇ ਦਿੱਲੀ ਦੇ ਅਫਸਰਾਂ ਨੇ ਐਤਵਾਰ ਤੜਕੇ ਤਿੰਨ ਵਜੇ ਇਹ ਕਾਰਵਾਈ ਕੀਤੀ ਹੈ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਦਾ ਬੇਹੱਦ ਕਰੀਬੀ ਮਿਗਲਾਨੀ ਕਰੀਬ ਚਾਰ ਦਹਾਕਿਆਂਤੋਂ ਉਨ੍ਹਾਂ ਦਾ ਸਾਥੀ ਹੈ। ਮੁੱਖ ਮੰਤਰੀ



ਕਮਲਨਾਥ ਦੇ ਓ ਐੱਸਡੀ ਪ੍ਰਵੀਨ ਕੱਕੜ ਪਹਿਲਾਂ ਮੱਧ ਪ੍ਰਦੇਸ਼ ਪੁਲਿਸ ਵਿੱਚਸਨ ਤੇ ਨੌਕਰੀ ਛੱਡ ਕੇ ਸਾਬਕਾ ਕੇਂਦਰੀ ਮੰਤਰੀ ਕਾਂਤੀਲਾਲ ਭੂਰੀਆ ਨਾਲ ਓ ਐੱਸਡੀ ਬਣੇ ਸਨ। ਕੁਝ ਮਹੀਨੇ ਪਹਿਲਾਂ ਏਥੇ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਵੇਲੇ ਉਨ੍ਹਾਂ ਨੂੰ ਕਮਲਨਾਥ ਦਾ ਓ ਐੱਸਡੀ ਬਣਾਇਆ ਗਿਆ ਸੀ। ਕੱਕੜ ਦਾ ਪਰਿਵਾਰ ਹੋਟਲਾਂ ਅਤੇ ਹੋਰ ਕਈ ਕਾਰੋਬਾਰਾਂ ਨਾਲ ਜੁੜਿਆ ਹੋਇਆ ਹੈ। ਮੁੱਖ ਮੰਤਰੀ ਕਮਲਨਾਥ ਦੇ ਭਣੇਵੇਂ ਰਤੁਲ ਪੁਰੀ ਦੇ ਪਰਿਵਾਰ ਨਾਲ ਜੁੜੇ 35 ਟਿਕ-ਾਣਿਆਂ ਉੱਤੇਵੀ ਇਨਕਮ ਟੈਕਸ ਕਾਰਵਾਈ ਦੀ ਖ਼ਬਰ ਹੈ। ਇਹ ਉਹੀ ਰਤੁਲ ਪੁਰੀ ਹੈ, ਜਿਸ ਕੋਲੋਂ ਅਗਸਤਾ ਵੈਸਟਲੈਂਡ ਹੈਲੀਕਾਪਟਰ ਕੇਸ ਵਿੱਚ ਪੁੱਛਗਿੱਛ ਚੱਲ ਰਹੀ ਹੈ।

ਪਤਾ ਲੱਗਾ ਹੈ ਕਿ ਆਮਦਨ ਟੈਕਸ ਅਫਸਰਾਂ ਦੀ ਟੀਮ ਸੁਰੱਖਿਆਲਈ ਸਥਾਨਕ ਪੁਲਿਸ ਦੀ ਬਜਾਏ ਸੀਆਰਪੀ ਐੱਫ ਦੇ ਜਵਾਨਾਂ ਨੂੰ ਦਿੱਲੀ ਤੋਂਆਪਣੇ ਨਾਲ ਲੈ ਕੇ ਆਈ ਸੀ। ਇਹ ਫੋਰਸ ਇਕ ਦਿਨ ਪਹਿਲਾਂ ਪੰਜ ਬੱਸਾਂ ਵਿੱਚ ਭੋਪਾਲ ਤੇ ਇੰਦੌਰ ਪੁੱਜ ਗਈ ਸੀ। ਆਮਦਨ ਟੈਕਸ ਵਿਭਾਗ ਨੇ ਸੁਰੱਖਿਆ ਲਈ ਮੱਧ ਪ੍ਰਦੇਸ਼ ਪੁਲਿਸ ਨੂੰ ਦੱਸਿਆ ਤੱਕ ਨਹੀਂ ਅਤੇ ਛਾਪੇ ਮਾਰਨ ਲਈ ਕਰੀਬ 300 ਅਧਿਕਾਰੀਆਂ ਅਤੇ ਲਗਭਗ ਏਨੇ ਸੀਆਰਪੀ ਐੱਫ ਦੇ ਸੁਰੱਖਿਆ ਵਾਲਿਆਂ ਨੂੰ ਨਾਲ ਲਿਆ ਸੀ। ਵਿਭਾਗ ਨੇ ਆਪਣੇ ਖ਼ੁਫ਼ੀਆ ਵਿੰਗ ਦੀਆਂ ਸੂਚਨਾਵਾਂ ਉੱਤੇ ਇਹ ਛਾਪੇ ਮਾਰੇ ਅਤੇ ਨੋਟਾਂ ਦੀ ਗਿਣਤੀ ਕਰਨ ਦੇ ਲਈ ਚਾਰ ਮਸ਼ੀਨਾਂ ਲਿਆਂਦੀਆਂ ਹਨ। ਇਸ ਦੌਰਾਨ ਭੋਪਾਲ ਦੀ ਨਾਦਿਰ ਕਾਲੋਨੀ ਵਿੱਚ ਕੱਕੜ ਦੀ ਕੋਠੀ ਅਤੇ ਪਲੈਟੀਨਮ ਪਲਾਜ਼ਾ ਉੱਤੇ ਸੁਰੱਖਿਆ ਬਹੁਤ ਸਖ਼ਤ ਸੀ।ਦੱਸਿਆ ਗਿਆ ਕਿ ਛਾਪੇ ਦੇ ਘੇਰੇ ਵਿਚ ਆਏ ਅੱਡਿਆਂਤੋਂ ਕਾਰੋਬਾਰੀ ਨਿਵੇਸ਼ ਦੇਕਾਗਜ਼ ਮਿਲੇ ਹਨ। ਕਾਰਵਾਈ ਏਨੀ ਗੁਪਤ ਸੀ ਕਿ ਇਸ ਰਾਜ ਦੇ ਖ਼ੁਫ਼ੀਆ ਤੰਤਰ ਨੂੰ ਸੂਹ ਨਹੀਂ ਸੀ ਲੱਗੀ।ਆਮਦਨ ਟੈਕਸ ਅਫਸਰਾਂ ਨੂੰ ਅਸ਼ਵਨੀ ਸ਼ਰਮਾ ਦੇ ਅੱਡਿਆਂਤੋਂ ਮਹਿੰਗੀਆਂ ਲਗਜ਼ਰੀ ਕਾਰਾਂ ਦਾ ਕਾਫ਼ਲਾ ਵੀ ਮਿਲਿਆ, ਜਿਨ੍ਹਾਂ ਵਿਚ ਲੈਂਡ ਰੋਵਰ, ਮਰਸਿਡੀਜ਼ ਤੇ ਵਿੰਟੇਜ ਕਾਰਾਂ ਸ਼ਾਮਲ ਹਨ। ਕਰੋੜਾਂ ਰੁਪਏ ਦੀ ਨਕਦੀ ਕਿੱਥੋਂ ਆਈ, ਇਸ ਬਾਰੇ ਜਾਂਚ ਚੱਲ ਰਹੀ ਹੈ। ਆਮਦਨ ਟੈਕਸ ਵਿਭਾਗ ਦੇ ਸਥਾਨਕ ਅਧਿਕਾਰੀਆਂ ਨੇ ਇਸ ਬਾਰੇ ਕੋਈ ਜਾਣਕਾਰੀ ਦੇਣ ਤੋਂ ਇਨਕਾਰ ਕਰ ਕੇ ਕਿਹਾ ਕਿ ਇਹ ਟੀਮ ਸਾਡੀ ਨਹੀਂ, ਸਿੱਧੀ ਕੇਂਦਰ ਤੋਂ ਆਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਦੱਖਣੀ ਕੋਰੀਆ ਸਭ ਤੋਂ ਪਹਿਲਾਂ 5 ਜੀ ਸੇਵਾ ਚਲਾਉਣ ਵਾਲਾ ਦੇਸ਼ ਬਣਿਆ

ਸਿਓਲ, 7 ਅਪ੍ਰੈਲ (ਪੋਸਟ ਬਿਊਰੋ)- ਪੰਜਵੀਂ ਪੀੜ੍ਹੀ ਦੀ ਮੋਬਾਈਲ ਸੇਵਾ ਯਾਨੀ ਕਿ 5ਜੀ ਸੇਵਾ ਸ਼ੁਰੂ ਕਰਨ ਬਾਰੇ ਚੱਲ ਰਹੀ ਰੇਸ ਵਿੱਚ ਦੱਖਣੀ ਕੋਰੀਆ ਨੇ ਬਾਜ਼ੀ ਮਾਰ ਲਈ ਹੈ। ਦੱਖਣੀ ਕੋਰੀਆ ਦੀਆਂ ਮੁੱਖ ਟੈਲੀਕਾਮ ਕੰਪਨੀਆਂ ਨੇ ਕੱਲ੍ਹ ਕਿਹਾ ਕਿ ਉਨ੍ਹਾਂ ਤੈਅ ਕੀਤੀ ਗਈ ਤਰੀਕ ਤੋਂ ਦੋ ਦਿਨ ਪਹਿਲਾਂ ਹੀ ਰਾਸ਼ਟਰੀ ਪੱਧਰ 'ਤੇ 5ਜੀ ਸੇਵਾ ਸ਼ੁਰੂ ਕਰ ਦਿੱਤੀ ਹੈ। ਦੱਖਣੀ ਕੋਰੀਆ ਦੀਆਂ ਤਿੰਨ ਮੁੱਖ ਟੈਲੀਕਾਮ ਕੰਪਨੀਆਂ ਐੱਸ ਕੇ ਟੈਲੀਕਾਮ, ਕੇਟੀ ਅਤੇ ਐੱਲ ਜੀ ਯੂਪਲਸ ਨੇ ਕੱਲ੍ਹ ਸਥਾਨਕ ਸਮੇਂ ਮੁਤਾਬਕ ਰਾਤ 11 ਵਜੇ 5ਜੀ ਸੇਵਾਵਾਂ ਸ਼ੁਰੂ ਕੀਤੀ। ਪਹਿਲਾਂ 5ਜੀ ਸੇਵਾ ਸ਼ੁਰੂ ਕਰਨ ਲਈ ਪੰਜ ਅਪ੍ਰੈਲ ਦੀ ਤਰੀਕ ਰੱਖੀ ਗਈ ਸੀ। ਸਭ ਤੋਂ ਪਹਿਲਾਂ 5ਜੀ ਸੇਵਾਵਾਂ ਦੇਣ ਦਾ ਖਿਤਾਬ ਹਾਸਲ ਕਰਨ ਲਈ ਦੱਖਣੀ ਕੋਰੀਆ ਦੇ ਨਾਲ ਅਮਰੀਕਾ, ਚੀਨ ਅਤੇ ਜਾਪਾਨ ਰੇਸ ਵਿੱਚ ਸਨ। ਨਿਊਜ਼ ਏਜੰਸੀ ਯੋਨਹੈਪ ਮੁਤਾਬਕ ਦੱਖਣੀ ਕੋਰੀਆ ਨੇ ਅਮਰੀਕਾ ਤੋਂ ਦੋ ਘੰਟੇ ਪਹਿਲਾਂ 5ਜੀ ਸੇਵਾਵਾਂ ਦੀ ਸ਼ੁਰੂਆਤ ਕੀਤੀ ਹੈ। ਯੋਨਹੈਪ ਨੇ ਕਿਹਾ ਕਿ ਆਸ ਹੈ ਕਿ ਦੱਖਣੀ ਕੋਰੀਆ ਦੀ ਕੰਪਨੀਆਂ ਵੱਲੋਂ ਦੇਰ ਰਾਤ 5ਜੀ ਸੇਵਾ ਸ਼ੁਰੂ ਕਰਨ ਦੇ ਕਾਰਨ ਅਮਰੀਕਾ ਦੀ ਟੈਲੀਕਾਮ ਕੰਪਨੀ ਵੇਰੀਜਾਨ ਨੂੰ ਆਪਣੀ 5ਜੀ ਸੇਵਾਵਾਂ ਛੇਤੀ ਸ਼ੁਰੂ ਕਰਨ ਲਈ ਮਜ਼ਬੂਤ ਹੋਣਾ ਪਵੇਗਾ। ਇੱਕ ਪ੍ਰੋਗਰਾਮ ਦੌਰਾਨ ਵੇਰੀਜਾਨ ਨੇ ਬੀਤੇ ਦਿਨ ਹੀ ਸ਼ਿਕਾਗੋ ਅਤੇ ਮੀਨੀਪੋਲਿਸ ਵਿੱਚ ਆਪਣੀ 5ਜੀ ਸੇਵਾਵਾਂ ਦੀ ਸ਼ੁਰੂਆਤ ਕੀਤੀ। ਉਸ ਨੇ ਤੈਅ ਤਰੀਕ ਤੋਂ ਇੱਕ ਹਫਤਾ ਪਹਿਲਾਂ ਸੇਵਾਵਾਂ ਸ਼ੁਰੂ ਕੀਤੀਆਂ।

## ਗੁਲਜ਼ਾਰ ਸਿੰਘ ਰਣੀਕੇ ਨੂੰ ਅਕਾਲੀ ਦਲ ਨੇ ਫ਼ਰੀਦਕੋਟ ਹਲਕੇ ਤੋਂ ਉਮੀਦਵਾਰ ਐਲਾਨਿਆ

*** ਆਹਲੂਵਾਲੀਆ ਨੂੰ ਭਾਜਪਾ ਨੇ ਦੁਰਗਾਪੁਰ ਤੋਂ ਟਿਕਟ ਦਿੱਤੀ**



ਚੰਡੀਗੜ੍ਹ, 7 ਅਪਰੈਲ, (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਵੱਡਾ ਐਲਾਨ ਕਰਦੇ ਹੋਏ ਲੋਕ ਸਭਾ ਹਲਕਾ ਫ਼ਰੀਦਕੋਟ (ਰਿਜ਼ਰਵ) ਤੋਂ ਪੰਜਾਬ ਦੇ ਸਾਬਕਾ ਮੰਤਰੀ ਅਤੇ ਪਾਰਟੀ ਦੇ ਐੱਸ ਸੀ ਵਿੰਗ ਦੇ ਪ੍ਰਧਾਨ ਗੁਲਜ਼ਾਰ ਸਿੰਘ ਰਣੀਕੇ ਨੂੰ ਆਪਣੀ ਪਾਰਟੀ ਦਾ ਉਮੀਦਵਾਰ ਐਲਾਨ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਗੁਲਜ਼ਾਰ ਸਿੰਘ ਰਣੀਕੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਟਾਰੀ ਹਲਕੇ ਤੋਂ ਚੋਣ ਹਾਰ ਗਏ ਸਨ। ਅਕਾਲੀ ਦਲ ਦੇ ਅੱਜ ਦੇ ਐਲਾਨ ਹੋਣ ਤੋਂ ਮਸਾਂ ਇੱਕ ਦਿਨ ਪਹਿਲਾਂ ਕਾਂਗਰਸ ਨੇ ਫਰੀਦਕੋਟ ਸੀਟ ਤੋਂ ਆਪਣੇ ਉਮੀਦਵਾਰ ਵਜੋਂ ਮੁਹੰਮਦ ਸਦੀਕ ਦੇ ਨਾਂਅ ਦਾ ਐਲਾਨ ਕੀਤਾ ਸੀ। ਆਮ ਆਦਮੀ ਪਾਰਟੀ ਵੱਲੋਂ ਇਸ ਹਲਕੇ ਤੋਂ ਪਿਛਲੀ ਵਾਰੀ ਜਿੱਤੇ ਹੋਏ ਪ੍ਰੋ: ਸਾਧੂ ਸਿੰਘ ਖੜੇ ਹਨ ਅਤੇ ਸੁਖਪਾਲ ਸਿੰਘ ਖਹਿਰਾ ਵਾਲੇ ਧੜੇ ਨੇ ਇਸ ਹਲਕੇ ਤੋਂ ਜੈਤੋਂ ਹਲਕੇ ਦੇ ਵਿਧਾਇਕ ਬਲਦੇਵ ਸਿੰਘ ਜੈਤੋ ਨੂੰ ਉਮੀਦਵਾਰ ਬਣਾਇਆ ਹੋਇਆ ਹੈ।

ਇਸ ਦੌਰਾਨ ਭਾਜਪਾ ਨੇ ਸੀਨੀਅਰ ਨੇਤਾ ਐੱਸ ਐੱਸ ਆਹਲੂਵਾਲੀਆ ਨੂੰ ਪੱਛਮੀ ਬੰਗਾਲ ਦੀ ਦੁਰਗਾਪੁਰ ਲੋਕ ਸਭਾ ਸੀਟ ਤੋਂਉਮੀਦਵਾਰ ਬਣਾਇਆ ਹੈ। 67 ਸਾਲਾ ਆਹਲੂਵਾਲੀਆ ਇਸ ਵੇਲੇ ਇਸੇ ਰਾਜ ਦੀ ਦਾਰਜੀਲਿੰਗ ਲੋਕ ਸਭਾ ਸੀਟ ਤੋਂਪਾਰਲੀਮੈਂਟ ਮੈਂਬਰ ਹਨ। ਭਾਜਪਾ ਵੱਲੋਂ ਅੱਜ ਕੀਤੇ ਐਲਾਨ ਤੋਂ ਬਾਅਦ ਆਹਲੂਵਾਲੀਆ ਨੇ ਕਿਹਾ ਕਿ ਦੁਰਗਾਪੁਰ ਵਿੱਚ ਮੈਂ ਸਕੂਲ ਦੇ ਦਿਨ ਬਿਤਾਏ ਤੇ ਵਿਦਿਆਰਥੀ ਨੇਤਾ ਬਣਿਆ ਸਾਂ, ਮੈਨੂੰ ਮੌਕਾ ਮਿਲਿਆ ਹੈ ਕਿ ਮੈਂ ਓਥੋਂ ਦੇ ਲੋਕਾਂ ਦੀ ਸੇਵਾ ਕਰਾਂ। ਭਾਰਤੀ ਜਨਤਾ ਪਾਰਟੀ ਅੱਜ ਤਕ 408 ਲੋਕ ਸਭਾ ਸੀਟਾਂ ਲਈ ਉਮੀਦਵਾਰ ਐਲਾਨ ਕਰ ਚੁੱਕੀ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਤੰਬਾਕੂ ਸੇਵਨ ਕਰਦੇ ਹਨ ਸ੍ਰੀ ਹਰਮੰਦਿਰ ਸਾਹਿਬ ਦੀ ਉਸਾਰੀ ਵਾਲੇ ਕਾਰੀਗਰ

ਅੰਮ੍ਰਿਤਸਰ, 7 ਅਪਰੈਲ, (ਪੋਸਟ ਬਿਊਰੋ)- ਸਿੱਖ ਧਰਮ ਵਿੱਚ ਰੂਹਾਨੀਅਨ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਬਾਹਰੀ ਸੁੰਦਰੀਕਰਨ ਦਾ ਕੰਮ ਚੱਲ ਰਿਹਾ ਹੈ, ਪਰ ਇਸ ਕੰਮ ਵਿੱਚ ਪੱਥਰ ਲਾ ਰਹੇ ਕਾਰੀਗਰ ਸ਼ਰੇਆਮ ਤੰਬਾਕੂ ਦੀ ਵਰਤੋਂ ਕਰ ਰਹੇ ਹਨ, ਜਿਸ ਦੇ ਜ਼ਾਹਰ ਹੋਣ ਤੋਂ ਬਾਅਦ ਅੱਜ ਹਲਚਲ ਮੱਚ ਗਈ ਹੈ। ਅੱਜ ਐਤਵਾਰ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਚੱਲ ਰਹੇ ਸੁੰਦਰੀਕਰਨ ਦਾ ਕੰਮ ਕਰਦੇ ਕਾਰੀਗਰਾਂਵਿੱਚੋਂ ਇਕ ਕਾਰੀਗਰ ਨੂੰ ਜਦੋਂ ਲੋਕਾਂ ਨੇ ਤੰਬਾਕੂ ਖਾਂਦੇ ਦੇਖਿਆ ਤਾਂ ਇਸ ਬਾਰੇ ਸਵਾਲ ਕੀਤੇ, ਪਰ ਉਹ ਤਸੱਲੀਬਖ਼ਸ਼ ਜਵਾਬ ਨਾ ਦੇ ਸਕਿਆ। ਇਸ ਕਾਰੀਗਰ ਨੇ ਮੰਨਿਆ ਕਿ ਉਹ ਪਿਛਲੇ ਅੱਠ ਸਾਲ ਤੋਂ ਇਥੇ ਕੰਮ ਕਰ ਰਿਹਾ ਹੈ ਅਤੇ ਉਸ ਨੇ ਅੱਜ ਤਕ ਕਈ ਸਿੱਖ ਇਤਿਹਾਸਕ ਸਥਾਨਾਂ ਵਿੱਚ ਪੱਥਰ ਲਾਇਆ ਹੈ। ਉਸ ਨੇ ਇਹ ਵੀ ਮੰਨਿਆ ਕਿ ਉਹ ਤੰਬਾਕੂ ਖਾਂਦਾ ਰਿਹਾ ਸੀ। ਇਹ ਸਾਰਾ ਕੰਮ ਕਰਵਾ ਰਹੀ ਕੰਪਨੀ ਦੇ ਨਿਗਰਾਨ ਅਨੰਤਪਾਲ ਸਿੰਘ ਨੇ ਕਿਹਾ ਕਿ ਅਸੀਂ ਵਾਰ-ਵਾਰ ਮਨ੍ਹਾ ਕਰਦੇ ਹਾਂ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਤਬਾਕੂ ਦੀ ਵਰਤੋਂ ਨਾ ਕਰਿਆ ਕਰਨ, ਪਰ ਇਹ ਲੋਕ ਮੰਨਦੇ ਨਹੀਂ। ਉਨ੍ਹਾਂ ਕਿਹਾ ਕਿ ਇਹ ਸਾਰਾ ਕੰਮ ਦਿੱਲੀ ਦੀ ਇਕ ਫਰਮ ਕਰਵਾ ਰਹੀ ਹੈ ਤੇ ਇਹ ਉਸ ਫਰਮ ਦਾ ਮੁਲਾਜ਼ਮ ਹੈ।

ਜਦੋਂ ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਨਿੱਜੀ ਸਕੱਤਰ ਇੰਜੀਨੀਅਰ ਸੁਖਮਿੰਦਰ ਸਿੰਘ ਨੂੰ ਦੱਸਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਸੋਮਵਾਰ ਸਵੇਰੇ ਐਸ ਡੀ ਓ ਦੀ ਡਿਊਟੀ ਲਾ ਕੇ ਸਬੰਧਤ ਵਿਅਕਤੀ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-208-7011 437-219-1502


UKTTC
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Air Brake Classes Sat-Sun 8am to 4pm
Forklift Training
Counterbalance
Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

## ਪਾਕਿ ਵਿਦੇਸ਼ ਮੰਤਰੀ ਦਾ ਸ਼ੋਸ਼ਾ: ਭਾਰਤ ਵੱਲੋਂ ਪਾਕਿਸਤਾਨ ਉੱਤੇ ਅਗਲਾ 'ਹਮਲਾ' ਕਰਨ ਦੀ ਤਰੀਕ ਵੀ ਦੱਸ ਦਿੱਤੀ

ਇਸਲਾਮਾਬਾਦ, 7 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਭਾਰਤ ਉੱਤੇ ਨਵਾਂ ਦੋਸ਼ ਲਾਇਆ ਹੈ ਕਿ ਉਹ ਪਾਕਿਸਤਾਨ ਉੱਤੇ'ਇਕ ਹੋਰ ਹਮਲਾ' ਕਰਨ ਦੀ ਤਿਆਰੀ ਕਰ ਰਿਹਾ ਹੈ।



ਅੱਜ ਏਥੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਨੇ ਯੂ ਐੱਨ ਸਕਿਓਰਟੀ ਕੌਂਸਲ ਦੇ ਮੈਂਬਰਾਂ ਨੂੰ ਭਾਰਤ ਦੇ ਹਮਲਾਵਰ ਰੁਖ ਬਾਰੇ ਦੱਸ ਕੇ ਆਪਣੀ ਚਿੰਤਾ ਤੋਂ ਜਾਣੂ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਇਹ 'ਹਮਲਾ' 16 ਤੋਂ 20 ਅਪ੍ਰੈਲ ਦੇ ਵਿਚਾਲੇ ਕਰ ਸਕਦਾ ਹੈ। ਵਿਦੇਸ਼ ਮੰਤਰੀ ਕੁਰੈਸ਼ੀ ਨੇ ਕਿਹਾ ਕਿ ਪਾਕਿ-ਸਤਾਨ ਖ਼ਿਲਾਫ਼ ਭਾਰਤ ਨਵੀਂ ਕਾਰਵਾਈ ਦੀ ਯੋਜਨਾ ਬਣਾ ਰਿਹਾ ਹੈ, ਪਰ ਪਾਕਿਸਤਾਨ ਨਹੀਂ ਚਾਹੁੰਦਾ ਕਿ ਭਾਰਤ ਉਨ੍ਹਾਂ ਉੱਤੇ ਹਮਲਾ ਕਰੇ। ਇਹੀ ਨਹੀਂ, ਕੁਰੈਸ਼ੀ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਕੋਲ ਭਾਰਤ ਦੀ ਇਸ ਯੋਜਨਾ ਦੀ ਪੂਰੀ ਜਾਣਕਾਰੀ ਪੁੱਜ ਚੁੱਕੀ ਹੈ। ਸ਼ਾਹ ਮਹਿਮੂਦ ਕੁਰੈਸ਼ੀ ਨੇ ਪੁਲ-ਵਾਮਾ ਹਮਲੇ ਪਿੱਛੋਂ ਪਾਕਿਸਤਾਨ ਦੇ ਅਧਿਕਾਰ ਹੇਠਲੇ ਬਾਲਾਕੋਟ ਖੇਤਰ ਵਿੱਚ ਅੱਤਵਾਦੀ ਕੈਂਪਾਂ ਉੱਤੇ ਭਾਰਤ ਦੀ ਏਅਰ ਸਟ੍ਰਾਈਕ ਦੇ ਹਵਾਲੇ ਨਾਲ ਕਿਹਾ ਕਿ 26 ਫਰਵਰੀ ਨੂੰ ਜਦੋਂ ਭਾਰਤ ਨੇ ਪਾਕਿਸਤਾਨ ਵਿੱਚ ਏਅਰ ਸਟ੍ਰਾਈਕ ਕੀਤੀ ਤਾਂ ਦੁਨੀਆ ਚੁੱਪ ਸੀ, ਜਦਕਿ ਸਾਰੇ ਜਾਣਦੇ ਸਨ ਕਿ ਭਾਰਤ ਨੇ ਇਸ ਨਾਲ ਅੰਤਰਰਾਸ਼ਟਰੀ ਕਾਨੂੰਨ ਅਤੇ ਯੂ ਐੱਨ ਚਾਰਟਰ ਦੇ ਨਿਯਮਾਂ ਦੀ ਉਲੰਘਣਾ ਕੀਤੀ ਸੀ।

ਹੈਰਾਨੀ ਦੀ ਗੱਲ ਹੈ ਕਿ ਸ਼ਾਹ ਮਹਿਮੂਦ ਕੁਰੈਸ਼ੀ ਦੇ ਇਸ ਬਿਆਨ ਨੂੰ ਉਨ੍ਹਾਂ ਦੇ ਦੇਸ਼ ਵਿੱਚ ਗੰਭੀਰਤਾ ਨਾਲ ਨਹੀਂ ਲਿਆ ਗਿਆ। ਵਿਰੋਧੀ ਧਿਰ ਵਿੱਚੋਂ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਨੇ ਦੋਸ਼ ਲਾਇਆ ਕਿ ਆਪਣੀ ਨਾਕਾਮੀ ਨੂੰ ਲੁਕਾਉਣ ਲਈ ਪਾਕਿਸਤਾਨ ਸਰਕਾਰ ਭਾਰਤ ਵੱਲੋਂ ਜੰਗ ਦੇ ਖ਼ਤਰੇ ਦਾ ਡਰ ਪਾ ਰਹੀ ਹੈ। ਪੀਪੀਪੀ ਦੀ ਆਗੂ ਨਫ਼ੀਸਾ ਸ਼ਾਹ ਨੇ ਕਿਹਾ ਕਿ ਸਰਕਾਰ ਹਰ ਮੋਰਚੇ ਉੱਤੇ ਆਪਣੀ ਨਾਕਾਮੀ ਤੋਂ ਧਿਆਨ ਹਟਾਉਣਲਈ ਫੋਕਾ ਰੋਣਾ ਰੋ ਰਹੀ ਹੈ।

## ਜੰਮੂ-ਹਾਈਵੇ ਉੱਤੇ ਪਾਬੰਦੀ ਦੇ ਵਿਰੁੱਧ ਮਹਿਬੂਬਾ ਮੁਫਤੀ ਦਾ ਰੋਸ ਪ੍ਰਦਰਸ਼ਨ

ਸ੍ਰੀਨਗਰ, 7 ਅਪਰੈਲ, (ਪੋਸਟ ਬਿਊਰੋ)- ਸੁਰੱਖਿਆ ਫੋਰਸਾਂ ਦੇ ਲੰਘਣ ਲਈ ਜੰਮੂ-ਕਸ਼ਮੀਰ ਦਾ ਹਾਈਵੇ ਬੰਦਕਰਨ ਦੇ ਫੈਸਲੇ ਨਾਲ ਕਸ਼ਮੀਰ ਘਾਟੀ ਦੀ ਸਿਆਸਤ ਵਿੱਚਨਵਾਂ ਉਬਾਲਾ ਆ ਗਿਆ ਹੈ। ਏਥੋਂ ਦੀ ਸਾਬਕਾ ਮੁੱਖ ਮੰਤਰੀ ਅਤੇ ਪੀ ਡੀ ਪੀ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਸਾਫ ਕਿਹਾ ਹੈ ਕਿ ਕੇਂਦਰ ਸਰਕਾਰ ਦਾ ਇਸ ਆਦੇਸ਼ ਨਹੀਂ ਮੰਨਦੇ ਅਤੇ ਇਹ ਸਾਡੀਆਂ ਸੜਕਾਂ ਹਨ, ਇਹ ਸੂਬਾ ਸਾਡਾ ਹੈ। ਉਸ ਨੇ ਕੇਂਦਰ ਸਰਕਾਰ ਉੱਤੇ ਹਮਲਾ ਕਰਦੇ ਹੋਏ ਕਿਹਾ ਕਿ ਉਹ ਲੋਕ ਕਸ਼ਮੀਰੀਆਂ ਨੂੰ ਕੁਚਲਣਾ ਚਾਹੁੰਦੇ ਹਨ, ਸੂਬੇ ਦੀ ਆਬਾਦੀ ਦਾ ਪੈਟਰਨ ਬਦਲਣਾ ਚਾਹੁੰਦੇ ਤੇ ਕਸ਼ਮੀਰੀ ਲੋਕਾਂ ਨੂੰ ਆਪਣੀ ਜ਼ਮੀਨ ਉੱਤੇ ਕੈਦ ਕਰਨਾ ਚਾਹੁੰਦੇ ਹਨ, ਅਜਿਹਾ ਮੇਰੀ ਲਾਸ਼ ਉੱਤੇ ਹੀ ਹੋਵੇਗਾ।



ਵਰਨਣ ਯੋਗ ਕਿ ਜੰਮੂ-ਕਸ਼ਮੀਰ ਦੀ ਗਵਰਨਰੀ ਰਾਜ ਵਾਲੀ ਮੌਜੂਦਾ ਸਰਕਾਰ ਨੇ ਕਸ਼ਮੀਰ ਦੇ ਬਾਰਾਮੂਲਾ ਜ਼ਿਲੇ ਤੋਂ ਊਧਮਪੁਰ ਤਕ 271 ਕਿਲੋਮੀਟਰ ਲੰਬੀ ਸੜਕ ਉੱਤੇਆਮ ਲੋਕਾਂ ਦੀ ਆਵਾਜਾਈ ਉੱਤੇ ਦੋ ਦਿਨ ਦੀ ਰੋਕ ਲਾਈ ਹੈ। ਤਾਜ਼ਾਰਿਪੋਰਟਾਂ ਮੁਤਾਬਕ ਇਹ ਰੋਕ ਐਤਵਾਰ ਅਤੇ ਬੁੱਧਵਾਰ ਨੂੰ ਰਹੇਗੀ। ਪੁਲਵਾਮਾ ਵਿੱਚ 14 ਫਰਵਰੀ ਨੂੰ ਸੀ ਆਰ ਪੀ ਐੱਫ ਦੇ ਕਾਫਿਲੇ ਉੱਤੇ ਅੱਤਵਾਦੀ ਹਮਲੇ ਪਿੱਛੋਂ ਇਹ ਫੈਸਲਾ ਲਿਆ ਗਿਆ ਤੇ ਇਸ ਐਤਵਾਰ ਤੋਂ ਰੋਕ ਲਾਗੂ ਹੋਈ ਹੈ। ਸੂਬਾ ਪ੍ਰਸ਼ਾਸਨ ਦੇ ਮੁਤਾਬਕ ਜੰਮੂ-ਕਸ਼ਮੀਰ ਵਿੱਚਹਾਈਵੇ ਉੱਤੇ ਸੁਰੱਖਿਆ ਬੱਲਾਂ ਦਾ ਸੁਰੱਖਿਅਤ ਲੰਘਣਾ ਯਕੀਨੀ ਕਰਨ ਲਈ ਨਾਗਰਿਕਾਂ ਅਤੇ ਜਨਤਕ ਆਵਾਜਾਈ ਨੂੰ ਰੋਕਿਆ ਹੈ। ਪ੍ਰਸ਼ਾਸਕੀਹੁਕਮਮੁਤਾਬਕ ਐਤਵਾਰ ਤੇ ਬੁੱਧਵਾਰ ਸਵੇਰੇ 4 ਵਜੇ ਤੋਂ ਸ਼ਾਮ 5 ਵਜੇ ਤਕ ਸਿਰਫ ਸੁਰੱਖਿਆ ਬਲਾਂ ਦੇ ਕਾਫਿਲੇ ਨੂੰ ਹਾਈਵੇ ਉੱਤੇਚੱਲਣ ਦੀ ਇਜਾਜ਼ਤ ਹੋਵੇਗੀ।

ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਦੀ ਪੀਪੁਲਸ ਡੈਮੋਕ੍ਰੈਟਿਕ ਪਾਰਟੀ ਅਤੇ ਉਮਰ ਅਬਦੁੱਲਾ ਦੀ ਅਗਵਾਈ ਵਾਲੀ ਨੈਸ਼ਨਲ ਕਾਨਫਰੰਸ ਨੇ ਇਸ ਪਾਬੰਦੀ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਇਸ ਦੇ ਵਿਰੁੱਧਜੰਮੂ-ਕਸ਼ਮੀਰ ਦੀ ਸਾਬਕਾ ਮੁੱਖਮੰਤਰੀ ਮਹਿਬੂਬਾ ਮੁਫਤੀ ਅੱਜ ਐਤਵਾਰ ਸੜਕ ਉੱਤੇ ਆ ਗਈ ਤੇ ਟਵੀਟ ਕਰ ਕਿਹਾ ਕਿ ਤੁਸੀਂ ਸਾਡੇ ਮੁੱਖ ਹਾਈਵੇ ਉੱਤੇਸਾਡੇ ਨਾਗਰਿਕਾਂ ਦੀ ਆਵਾਜਾਈਰੋਕ ਕਿਵੇਂ ਸਕਦੇ ਹੋ, ਤੁਸੀਂ ਕਸ਼ਮੀਰੀਆਂ ਦਾ ਗਲਾ ਘੁੱਟਣਾ ਚਾਹੁੰਦੇ ਅਤੇਰਾਜ ਦੀ ਸਥਿਤੀ ਬਦਲਣਾ ਅਤੇ ਉਨ੍ਹਾਂ ਨੂੰ ਆਪਣੀ ਹੀ ਜ਼ਮੀਨ ਉੱਤੇ ਕੈਦ ਕਰਨਾ ਚਾਹੁੰਦੇ ਹੋ, ਇਹ ਮੇਰੀ ਲਾਸ਼ ਉੱਤੇ ਹੀ ਹੋਵੇਗਾ। ਮਹਿਬੂਬਾ ਮੁਫਤੀ ਨੇ ਕਿਹਾ ਕਿ ਜੇ ਭਾਰਤ ਸਰਕਾਰ ਸੋਚਦੀ ਹੈ ਕਿ ਇਨ੍ਹਾਂ ਹਰਕਤਾਂ ਨਾਲ ਲੋਕਾਂ ਨੂੰ ਦਬਾ ਲਵੇਗੀ ਤਾਂ ਇਹ ਗਲਤ ਸੋਚ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਕਸ਼ਮੀਰੀਆਂ ਦਾ ਹੈ, ਉਨ੍ਹਾਂ ਨੂੰ ਆਪਣੀਆਂ ਸੜਕਾਂ ਉੱਤੇ ਚੱਲਣ ਲਈ ਇਜਾਜ਼ਤ ਲੈਣੀ ਪਵੇ, ਮੈਂ ਇਹ ਨਹੀਂਹੋਣ ਦੇਵਾਂਗੀ। ਮਹਿਬੂਬਾ ਮੁਫਤੀ ਨੇ ਕਸ਼ਮੀਰੀਆਂ ਨੂੰਮਨਾਹੀ ਨੂੰ ਨਾ ਮੰਨਣ ਦੀ ਅਪੀਲ ਕੀਤੀ ਤੇ ਕਿਹਾ ਕਿ ਲੋਕ ਜਦੋਂ ਚਾਹੁਣ, ਜਿਥੇ ਚਾਹੁਣ, ਆਪਣੀਆਂ ਗੱਡੀਆਂ ਉੱਤੇ ਜਾਣ।

ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਤੇ ਨੈਸ਼ਨਲ ਕਾਨਫਰੰਸ ਦੇ ਨੇਤਾ ਫਾਰੂਕ ਅਬਦੁੱਲਾ ਨੇ ਇਸ ਤੋਂ ਪਹਿਲਾਂ ਹੀ ਕਹਿ ਦਿੱਤਾਹੈ ਕਿ ਆਰਮੀ ਨੂੰ ਟਰੇਨਾਂ ਦੀ ਵਰਤੋਂ ਕਰਨੀ ਚਾਹੀਦੀ ਜਾਂ ਉਨ੍ਹਾਂ ਨੂੰ ਰਾਤਨੂੰ ਸਫਰ ਕਰਨਾ ਚਾਹੀਦਾ ਹੈ ਤਾਂ ਕਿ ਲੋਕਾਂ ਉੱਤੇ ਇਸ ਦਾ ਅਸਰ ਨਾ ਪਵੇ।

## ਨਿਸਾਨ ਦੇ ਸਾਬਕਾ ਮੁਖੀ ਕਾਰਲੋਸ ਜਾਪਾਨ ਵਿੱਚ ਫਿਰ ਗ੍ਰਿਫਤਾਰ

ਟੋਕੀਓ, 7 ਅਪ੍ਰੈਲ (ਪੋਸਟ ਬਿਊਰੋ)- ਨਿਸਾਨ ਮੋਟਰਜ਼ ਦੇ ਸਾਬਕਾ ਚੇਅਰਮੈਨ ਕਾਰਲੋਸ ਘੋਨ ਨੂੰ ਜ਼ਮਾਨਤ ਮਿਲਣ ਦੇ 28 ਦਿਨ ਬਾਅਦ ਫਿਰ ਗ੍ਰਿਫਤਾਰ ਕਰ ਲਿਆ ਗਿਆ ਹੈ। ਜਾਪਾਨੀ ਮੀਡੀਆ ਦੇ ਮੁਤਾਬਕ ਕੱਲ੍ਹ ਸਵੇਰੇ ਉਨ੍ਹਾਂ ਨੂੰ ਘਰ ਤੋਂ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ 'ਤੇ ਭਰੋਸਾ ਤੋੜ ਕੇ ਮਾਹੌਲ ਵਿਗਾੜਨ ਦਾ ਨਵਾਂ ਦੋਸ਼ ਲੱਗਾ ਹੈ।

ਪਿਛਲੀ ਵਾਰ 19 ਨਵੰਬਰ 2018 ਨੂੰ ਗ੍ਰਿਫਤਾਰੀ ਦੇ ਬਾਅਦ ਉਨ੍ਹਾਂ ਨੂੰ ਛੇ ਮਾਰਚ 2019 ਨੂੰ ਸ਼ਰਤੀਆ ਜ਼ਮਾਨਤ ਮਿਲੀ ਸੀ। ਉਹ 108 ਦਿਨ ਜੇਲ੍ਹ ਵਿੱਚ ਰਹੇ ਸਨ। ਨਵੰਬਰ ਵਿੱਚ ਉਨ੍ਹਾਂ ਨੇ ਭ੍ਰਿਸ਼ਟਾਚਾਰ, ਨਿਸਾਨ ਦੇ ਪੈਸੇ ਦੀ ਨਿੱਜੀ ਵਰਤੋਂ ਅਤੇ ਆਮਦਨ ਘੱਟ ਦਿਖਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਘੋਨ ਸਾਰੇ ਦੋਸ਼ਾਂ ਨੂੰ ਗਲਤ ਦੱਸਦੇ ਰਹੇ ਹਨ। ਜਾਪਾਨ ਦੇ ਕਾਨੂੰਨ ਦੇ ਮੁਤਾਬਕ ਕਿਸੇ ਦੋਸ਼ੀ ਨੂੰ ਵੱਖ-ਵੱਖ ਦੋਸ਼ਾਂ ਲਈ ਕਈ ਵਾਰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਇਸ ਤੋਂ ਵਕੀਲੀ ਪੱਖ ਨੂੰ ਲੰਬੇ ਸਮੇਂ ਤੱਕ ਦੋਸ਼ੀ ਤੋਂ ਪੁੱਛਗਿੱਛ ਕਰਨ ਦੀ ਇਜਾਜ਼ਤ ਮਿਲ ਜਾਂਦੀ ਹੈ। ਅਮਰੀਕੀ ਮੀਡੀਆ ਦੇ ਮੁਤਾਬਕ ਇਸ ਵਾਰ ਗ੍ਰਿਫਤਾਰੀ 'ਤੇ ਘੋਨ ਨੇ ਆਪਣੇ ਬੁਲਾਰੇ ਦੇ ਰਾਹੀਂ ਕਿਹਾ ਕਿ ਇਹ ਨਿਸਾਨ ਕੰਪਨੀ ਦੇ ਕੁਝ ਲੋਕਾਂ ਦੀ ਸਰਕਾਰ ਨੂੰ ਗੁੰਮਰਾਹ ਕਰ ਕੇ ਮੈਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਬੇਕਸੂਰ ਹਾਂ ਅਤੇ ਹਾਰ ਨਹੀਂ ਮੰਨਾਂਗਾ। ਮੇਰੇ ਖਿਲਾਫ ਲੱਗੇ ਦੋਸ਼ ਬੇਬੁਨਿਆਦ ਹਨ। ਕੱਲ੍ਹ ਘੋਨ ਨੇ ਟਵਿੱਟਰ ਦੇ ਰਾਹੀਂ ਕਿਹਾ ਸੀ ਕਿ ਅਗਲੇ ਹਫਤੇ ਪ੍ਰੈਸ ਕਾਨਫਰੰਸ ਕਰ ਕੇ ਸੱਚਾਈ ਦੱਸਣਗੇ। ਘੋਨ ਜਾਪਾਨ ਦੀ ਆਟੋ ਇੰਡਸਟਰੀ ਦੇ ਟਾਪ ਅਧਿਕਾਰੀਆਂ ਵਿੱਚ ਸ਼ਾਮਲ ਸਨ। ਉਨ੍ਹਾਂ ਨੇ 20 ਸਾਲ ਪਹਿਲਾਂ ਨਿਸਾਨ ਨੂੰ ਦਿਵਾਲੀਆ ਹੋਣ ਤੋਂ ਬਚਾਇਆ ਸੀ।

## ਫੇਸਬੁਕ ਦੇ ਐਪ ਡਿਵੈਲਪਰਸ ਨੇ ਯੂਜਰਜ਼ ਡਾਟਾ ਖਤਰੇ ਵਿੱਚ ਪਾਏ


ਸਾਨ ਫਰਾਂਸਿਸਕੋ, 7 ਅਪ੍ਰੈਲ (ਪੋਸਟ ਬਿਊਰੋ)- ਡਾਟਾ ਚੋਰੀ ਤੇ ਡਾਟਾ ਲੀਕੇਜ ਬਾਰੇ ਲਗਾਤਾਰ ਸਵਾਲਾਂ ਦਾ ਸਾਹਮਣਾ ਕਰ ਰਹੇ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁਕ ਦੇ ਸਾਹਮਣੇ ਫਿਰ ਮੁਸ਼ਕਲ ਖੜ੍ਹੀ ਹੋ ਸਕਦੀ ਹੈ।




ਅਮਰੀਕੀ ਸਾਈਬਰ ਸਕਿਓਰਿਟੀ ਫਰਮ ਅਪਗਾਰਡ ਦਾ ਕਹਿਣਾ ਹੈ ਕਿ ਫੇਸਬੁਕ ਦੇ ਕੁਝ ਐਪ ਡਿਵੈਲਪਰਸ ਨੇ ਅਮੇਜਨ ਦੇ ਕਲਾਊਡ ਸਰਵਰ 'ਤੇ ਕਰੋੜਾਂ ਯੂਜਰਜ਼ ਦੇ ਡਾਟਾ ਅਸੁਰੱਖਿਅਤ ਛੱਡ ਦਿੱਤੇ ਸਨ। ਅਪਗਾਰਡ ਨੇ ਦੱਸਿਆ ਕਿ ਕਰੀਬ 54 ਕਰੋੜ ਯੂਜਰਜ਼ ਦੇ ਡਾਟਾ ਅਸੁਰੱਖਿਅਤ ਰੂਪ ਵਿੱਚ ਇੰਟਰਨੈਟ 'ਤੇ ਪਬਲਿਕ ਡੋਮੇਨ ਵਿੱਚ ਛੱਡੇ ਗਏ ਸਨ। ਇਨ੍ਹਾਂ ਵਿੱਚ ਯੂਜ਼ਰਜ ਦੇ ਕੁਮੈਂਟ, ਲਾਈਕਸ, ਰਿਐਕਸ਼ਨ, ਅਕਾਊਂਟ ਨੇਮ, ਫੇਸਬੁਕ ਆਈ ਡੀ ਅਤੇ ਅਜਿਹੀਆਂ ਹੀ ਹੋਰ ਸੂਚਨਾਵਾਂ ਸ਼ਾਮਲ ਹਨ। ਇਨ੍ਹਾਂ ਵਿੱਚ ਵੱਡੇ ਪੱਧਰ 'ਤੇ ਡਾਟਾ ਦਾ ਸਰੋਤ ਮੈਕਸੀਕੋ ਦੀ ਇੱਕ ਮੀਡੀਆ ਕੰਪਨੀ ਕਲਟਿਊਰਾ ਕਲੈਕਟਿਵਾ ਹੈ। ਫੇਸਬੁਕ ਦੇ ਇੰਟੀਗ੍ਰੇਟਿਡ ਐਪ 'ਐਟ ਦ ਪੂਲ' ਤੋਂ ਵੱਡੇ ਪੱਧਰ 'ਤੇ ਯੂਜਰਜ਼ ਦੇ ਡਾਟਾ ਅਸੁਰੱਖਿਅਤ ਰੂਪ ਤੋਂ ਇੰਟਰਨੈਟ 'ਤੇ ਛੱਡ ਦਿੱਤੇ ਗਏ ਸਨ। ਅਪਗਾਰਡ ਨੇ ਦੱਸਿਆ ਕਿ 'ਐਟ ਦ ਪੂਲ' ਤੋਂ ਜੋ ਡਾਟਾ ਲੀਕ ਹੋਇਆ, ਉਹ ਗਿਣਤੀ ਵਿੱਚ ਬਹੁਤ ਵੱਡੀ ਨਹੀਂ ਸੀ, ਪ੍ਰੰਤੂ ਜ਼ਿਆਦਾ ਸੰਵੇਦਨਸ਼ੀਲ ਸੀ। ਇਸ ਵਿੱਚ 22,000 ਯੂਜਰਜ਼ ਦਾ ਪਾਸਵਰਡ ਅਸੁਰੱਖਿਅਤ ਰੂਪ ਤੋਂ ਜਾਰੀ ਕਰ ਦਿੱਤਾ ਗਿਆ ਸੀ। ਅਪਗਾਰਡ ਨੇ ਕਿਹਾ, ਡਾਟਾ ਚੋਰੀ ਦੇ ਕੇਸਾਂ ਦੀ ਜਾਂਚ ਦਾ ਸਾਹਮਣਾ ਕਰ ਰਹੇ ਫੇਸਬੁਕ ਨੇ ਆਪਣੇ ਪਲੇਟਫਾਰਮ 'ਤੇ ਥਰਡ ਪਾਰਟੀ ਐਕਸੈਸ ਨੂੰ ਘੱਟ ਕਰਨ ਦੇ ਲਈ ਕਈ ਕਦਮ ਚੁੱਕੇ ਹਨ, ਪਰ ਪਿੱਛੇ ਜਿਹੇ ਸਾਹਮਣੇ ਆਏ ਮਾਮਲੇ ਦੱਸਦੇ ਹਨ ਕਿ ਇਹ ਇੰਨਾ ਆਸਾਨ ਨਹੀਂ ਹੈ। ਫੇਸਬੁਕ ਯੂਜ਼ਰਜ ਦਾ ਡਾਟਾ ਅੱਜ ਦੀ ਤਰੀਕ ਵਿੱਚ ਇੰਨੀ ਜਗ੍ਹਾ 'ਤੇ ਪਹੁੰਚ ਚੁੱਕਾ ਹੈ ਕਿ ਖੁਦ ਫੇਸਬੁਕ ਦੇ ਲਈ ਇਸ ਨੂੰ ਕੰਟਰੋਲ ਕਰਨਾ ਮੁਸ਼ਕਲ ਹੈ।

## ਆਰ ਐੱਸ ਐੱਸ ਆਗੂ ਗਗਨੇਜਾ ਦੇ ਕਤਲ ਦੀ ਜਾਂਚ ਐੱਨ ਆਈਏ ਦੇ ਹਵਾਲੇ ਕੀਤੀ ਗਈ

ਮੋਹਾਲੀ, 7 ਅਪਰੈਲ, (ਪੋਸਟ ਬਿਊਰੋ)- ਆਰ ਐੱਸ ਐੱਸਦੇ ਪੰਜਾਬ ਦੇ ਡਿਪਟੀ ਆਗੂ ਅਤੇ ਰਿਟਾਇਰਡ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੇ ਕਤਲ ਦਾ ਮਾਮਲਾ, ਜਿਸ ਦੀ ਜਾਂਚ ਸੀ ਬੀ ਆਈ ਕਰ ਰਹੀ ਸੀ, ਉਸ ਕੋਲੋਂ ਲੈ ਕੇਨੈਸ਼ਨਲ ਜਾਂਚ ਏਜੰਸੀ (ਐੱਨ ਆਈ ਏ) ਨੂੰ ਸੌਂਪ ਦਿੱਤਾ ਗਿਆ ਹੈ। ਇਸ ਕਤਲ ਕੇਸ ਵਿੱਚ ਨਾ ਹਾਲੇ ਤਕ ਪੰਜਾਬ ਪੁਲਿਸ ਅਤੇ ਨਾ ਸੀ ਬੀ ਆਈਵੱਲੋਂ ਕਿਸੇ ਵੀ ਖਾਸ ਦੋਸ਼ੀ ਦੀ ਗ੍ਰਿਫ਼ਤਾਰੀ ਵਿਖਾਈ ਜਾ ਸਕੀ ਹੈ।



ਐੱਨ ਆਈ ਏਵੱਲੋਂ ਇਹ ਕੇਸ ਆਪਣੇ ਹੱਥ ਲੈਣ ਬਾਰੇ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਵੱਲੋਂਐੱਨ ਆਈ ਏ ਦੀ ਵਿਸ਼ੇਸ਼ ਅਦਾਲਤ ਵਿੱਚਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ ਵਿੱਚ ਹਰਦੀਪ ਸਿੰਘ ਸ਼ੇਰਾ, ਰਮਨਦੀਪ ਸਿੰਘ ਬੱਗਾ ਅਤੇ ਐੱਨ ਆਰ ਆਈ ਜਗਤਾਰ ਸਿੰਘ ਜੱਗੀ ਜੌਹਲ ਬਾਰੇ ਕਿਹਾ ਗਿਆ ਹੈ ਕਿ ਐੱਨ ਆਈ ਏ ਇਨ੍ਹਾਂ ਨੌਜਵਾਨਾਂ ਦੀ ਇਸ ਕੇਸ ਵਿੱਚ ਗ੍ਰਿਫ਼ਤਾਰੀ ਪਾਉਣਾ ਚਾਹੁੰਦੀ ਹੈ, ਕਿਉਂਕਿ ਨਵੰਬਰ 2017 ਨੂੰ ਮੁੱਖ ਮੰਤਰੀ ਤੇ ਉਸ ਸਮੇਂ ਦੇ ਡੀਜੀਪੀ ਵੱਲੋਂ ਜਗਦੀਸ਼ ਗਗਨੇਜਾ ਕਤਲ ਹੱਲ ਹੋਣ ਦਾ ਬਿਆਨ ਦੇ ਕੇ ਉਕਤ ਤਿੰਨੇ ਨੌਜਵਾਨਾਂ ਦੇ ਨਾਂਅ ਲਏ ਗਏ ਸਨ। ਅਦਾਲਤ ਵੱਲੋਂ ਇਸ ਪਟੀਸ਼ਨ ਉੱਤੇ 22 ਅਪ੍ਰੈਲ ਲਈ ਐੱਨ ਆਈ ਏ ਨੂੰ ਨੋਟਿਸ ਜਾਰੀ ਹੋ ਚੁੱਕਾ ਹੈ।ਮਿਲ ਸਕੀ ਜਾਣਕਾਰੀ ਅਨੁਸਾਰ ਐੱਨ ਆਈ ਏਵੱਲੋਂ ਜਗਦੀਸ਼ ਗਗਨੇਜਾ ਦੇ ਇਸ ਕਤਲ ਕੇਸ ਵਿੱਚਮੁਕੱਦਮਾ ਦਰਜ ਕਰ ਲਿਆ ਗਿਆ ਹੈ।

ਵਰਣਣ ਯੋਗ ਹੈ ਕਿ 6 ਅਗਸਤ 2016 ਦੀ ਸ਼ਾਮ ਨੂੰ ਸ਼ਾਪਿੰਗ ਕਰਦੇ ਜਗਦੀਸ਼ ਗਗਨੇਜਾ ਉੱਤੇ ਮੋਟਰਸਾਈਕਲ ਸਵਾਰਾਂ ਨੇ ਸਰੇਆਮ ਗੋਲੀਆਂਚਲਾਈਆਂ ਸਨ, ਜਿਹੜੀਆਂ ਗਗਨੇਜਾ ਦੇ ਢਿੱਡ ਵਿੱਚ ਲੱਗੀਆਂ ਤੇ ਉਹ ਗੰਭੀਰ ਜ਼ਖ਼ਮੀ ਹੋ ਗਏ ਸਨ। ਹਮਲਾਵਰ ਹਵਾਈ ਫਾਇਰ ਕਰਦੇ ਚਲੇ ਗਏ ਸਨ। ਪੁਲਿਸ ਨੂੰ ਦੁਕਾਨਾਂ ਅੱਗੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜਵਿੱਚ ਨਕਾਬਪੋਸ਼ 2 ਵਿਅਕਤੀ ਮੌਕੇਤੋਂ ਮੋਟਰ ਸਾਈਕਲ ਰਾਹੀਂ ਭੱਜਦੇ ਵਿਖਾਈ ਦਿੱਤੇ ਸਨ। ਹਸਪਤਾਲ ਵਿੱਚ ਇਲਾਜ ਦੌਰਾਨ ਜਗਦੀਸ਼ ਗਗਨੇਜਾ ਦੀ ਕਈ ਦਿਨਾਂ ਦੇ ਬਾਅਦ ਮੌਤ ਹੋ ਗਈ ਸੀ। ਪਹਿਲਾਂ ਇਸ ਕੇਸ ਦੀ ਜਾਂਚ ਪੰਜਾਬ ਪੁਲਿਸ ਕਰ ਰਹੀ ਸੀ ਅਤੇ ਧਾਰਾ 302, ਆਰਮਜ਼ ਐਕਟ ਤੇ ਦੇਸ਼ ਧ੍ਰੋਹ ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਸੀ। ਫਿਰਕੇਂਦਰ ਸਰਕਾਰ ਨੇ ਇਹ ਕੇਸ ਸੀ ਬੀ ਆਈ ਨੂੰ ਸੌਂਪ ਦਿੱਤਾ ਸੀ, ਪਰ ਕੇਸ ਕਿਸੇ ਸਿਰੇ ਨਾ ਲੱਗ ਸਕਣ ਕਾਰਨ ਇਹੋ ਕੇਸ ਆਖਰ ਨੂੰ ਐੱਨ ਆਈ ਏ ਨੂੰ ਸੌਂਪ ਦਿੱਤਾ ਗਿਆ ਹੈ।

## ਜੈਪੁਰ ਦਿਹਾਤੀ ਲੋਕ ਸਭਾ ਹਲਕੇ ਵਿੱਚ ਦੋ ਓਲੰਪੀਅਨਾਂ ਦਾ ਭੇੜ

ਜੈਪੁਰ, 7 ਅਪ੍ਰੈਲ (ਪੋਸਟ ਬਿਊਰੋ)- ਰਾਜਸਥਾਨ ਦੇ ਲੋਕ ਸਭਾ ਹਲਕਾ ਜੈਪੁਰ ਦਿਹਾਤੀ ਤੋਂ ਦੋ ਓਲੰਪੀਅਨਾਂ ਦੇ ਇਕ ਦੂਜੇ ਦੇ ਸਾਹਮਣੇ ਆਉਣ ਨਾਲ ਇਥੇ ਮੁਕਾਬਲਾ ਦਿਲਚਸਪ ਹੋ ਗਿਆ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਰਾਜਵਰਧਨ ਸਿੰਘ ਰਾਠੌੜ ਅਤੇ ਕਾਂਗਰਸ ਵੱਲੋਂ ਕ੍ਰਿਸ਼ਨਾ ਪੂਨੀਆ ਮੈਦਾਨ ਵਿੱਚ ਹਨ।

ਕੇਂਦਰੀ ਸੂਚਨਾ ਅਤੇ ਪ੍ਰਸਾਰ ਮੰਤਰੀ ਰਾਜਵਰਧਨ ਸਿੰਘ ਰਾਠੌੜ ਨੇ 2014 ਵਿੱਚ ਇਥੋਂ ਲੋਕ ਸਭਾ ਚੋਣ ਜਿੱਤੀ ਸੀ ਅਤੇ ਪਾਰਟੀ ਨੇ ਫਿਰ ਉਨ੍ਹਾਂ 'ਤੇ ਭਰੋਸਾ ਕਰ ਕੇ ਟਿਕਟ ਦਿੱਤੀ ਹੈ। ਕਾਂਗਰਸ ਨੇ ਮੌਜੂਦਾ ਵਿਧਾਇਕਾ ਕ੍ਰਿਸ਼ਨਾ ਪੂਨੀਆ ਨੂੰ ਖੜਾ ਕੀਤਾ ਹੈ। ਪੂਨੀਆ ਲਈ ਇਹ ਚੋਣ ਦੋ ਵਿਚਾਰਧਾਰਾਵਾਂ ਦੀ ਲੜਾਈ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਹ ਚੋਣਾਂ ਆਮ ਆਦਮੀ ਨਾਲ ਜੁੜੇ ਮੁੱਦਿਆਂ ਦੇ ਆਧਾਰ 'ਤੇ ਲੜੇਗੀ। ਪੂਨੀਆ ਨੇ ਕਿਹਾ, 'ਇਹ ਠੀਕ ਹੈ ਕਿ ਅਸੀਂ ਅਥਲੀਟ ਹਾਂ, ਪਰ ਇਹ ਦੋ ਵਿਚਾਰਧਾਰਾਵਾਂ ਦੀ ਲੜਾਈ ਹੈ। 2014 ਦੀਆਂ ਲੋਕ ਸਭਾ ਚੋਣਾਂ ਨਰਿੰਦਰ ਮੋਦੀ ਦੇ ਨਾਂ ਉਤੇ ਲੜੀਆਂ ਗਈਆਂ ਸਨ। ਝੂਠੇ ਵਾਅਦੇ ਕੀਤੇ ਗਏ ਤੇ ਜੁਮਲੇਬਾਜ਼ੀ 'ਚ ਸਾਰਾ ਸਮਾਂ ਲੰਘਾ ਦਿੱਤਾ ਗਿਆ। ਮੈਂ ਸਾਧਾਰਨ ਕਿਸਾਨ ਪਰਵਾਰ 'ਚੋਂ ਆਈ ਹਾਂ ਤੇ ਜੋ ਮੁੱਦੇ ਆਮ ਆਦਮੀ ਨਾਲ ਜੁੜੇ ਹੋਏ ਹਨ, ਮੈਂ ਉਨ੍ਹਾਂ ਮੁੱਦਿਆਂ 'ਤੇ ਚੋਣ ਲੜਾਂਗੀ।' ਉਨ੍ਹਾਂ ਕਿਹਾ ਕਿ ਇਹ ਚੋਣਾਂ ਲੋਕਤੰਤਰ ਦੀ ਰਾਖੀ ਲਈ ਹਨ। ਨੌਜਵਾਨ, ਔਰਤਾਂ, ਕਿਸਾਨ ਤੇ ਹਰ ਵਰਗ ਵਿਕਾਸ ਤੇ ਮੁੱਦਾ ਆਧਾਰਤ ਸਿਆਸਤ ਚਾਹੁੰਦਾ ਹੈ, ਜੁਮਲੇ ਨਹੀਂ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀ ਫਸਲ ਦਾ ਸਹੀ ਮੁੱਲ ਤੇ ਨੌਜਵਾਨ ਰੁਜ਼ਗਾਰ ਚਾਹੁੰਦਾ ਹੈ। 41 ਸਾਲਾ ਪੂਨੀਆ ਇਸ ਸਮੇਂ ਚੁਰੂ ਜ਼ਿਲੇ ਦੇ ਵਿਧਾਨ ਸਭਾ ਹਲਕੇ ਸਾਦੁਲਪੁਰ ਤੋਂ ਵਿਧਾਇਕਾ ਹੈ ਤੇ ਕਾਂਗਰਸ ਨੇ ਉਸ ਨੂੰ ਲੋਕ ਸਭਾ ਹਲਕਾ ਜੈਪੁਰ ਦਿਹਾਤੀ ਤੋਂ ਉਮੀਦਵਾਰ ਐਲਾਨਿਆ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing In:
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol Broker CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

TORONTO $6.99/Sq Ft — 22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.
Chatham-Kent $85,000 — 2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.
TORONTO $140,000 — 45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.
BRAMPTON $169,900 — Photo Not Available — 537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.
BRAMPTON $195,900 — Photo Not Available — 2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.
BRAMPTON $199,900 — Photo Not Available — 8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.
BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month
BRAMPTON $369,000 — 15 Brisdale Dr 7&8 : ਹੱਥੋਂ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜ਼ੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।
TORONTO $309,000 — 320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.
BRAMPTON $349,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.
BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,
MISSISSAUGA $469,000 — Photo Not Available — 349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.
BRAMPTON $469,000 — Photo Not Available — 537 Van Kirk Dr 110: For sale Please call 905-405-8484
BRANTFORD $525,000 — 118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.
MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.
BRAMPTON $779,000 — 9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See
*Canadian punjabi post assumes no responsibility for the accuracy of any information shown. Copyright Ppost 2019

# 50 ਲੋਕਾਂ ਦੇ ਕਤਲ ਅਤੇ 39 ਲੋਕਾਂ ਦੇ ਇਰਾਦਾ ਕਤਲ ਦਾ ਕੇਸ ਚੱਲੇਗਾ ਆਸਟਰੇਲੀਅਨ ਦੋਸ਼ੀ 'ਤੇ

## ਅਗਲੀ ਤਾਰੀਕ 14 ਜੂਨ ਪਈ-ਮੀਡੀਆ ਨੂੰ ਫੋਟੋਆਂ ਖਿਚਣ ਦੀ ਸੀ ਮਨਾਹੀ

ਔਕਲੈਂਡ, 7 ਅਪ੍ਰੈਲ (ਹਰਜਿੰਦਰ ਸਿੰਘ ਬਸਿਆਲਾ): ਕ੍ਰਾਈਸਟਚਰਚ ਸ਼ਹਿਰ ਦੀਆਂ ਦੋ ਮਸਜਿਦਾਂ ਅੰਦਰ ਵੜ ਕੇ ਅੱਤਵਾਦੀ ਹਮਲਾ ਕਰਨ ਵਾਲੇ ਆਸਟਰੇਲੀਅਨ ਦੋਸ਼ੀ ਬ੍ਰੈਨਟਨ ਟਾਰੈਂਟ ਨੂੰ ਅੱਜ ਵੀਡੀਓ ਕਾਫਰੰਸ ਰਾਹੀਂ ਅਦਾਲਤੀ ਕਾਰਵਈ ਲਈ ਲਿਆ ਗਿਆ। ਇਸ ਦੋਸ਼ੀ ਨੇ 15 ਮਾਰਚ ਨੂੰ ਦੋ ਵੱਖ-ਵੱਖ ਮਸਜ਼ਿੱਦਾਂ ਦੇ ਅੰਦਰ 50 ਲੋਕਾਂ ਨੂੰ ਮਾਰ ਦਿੱਤਾ ਸੀ ਅਤੇ 39 ਗੰਭੀਰ ਰੂਪ ਵਿਚ ਫੱਟੜ ਹੋ ਗਏ ਸਨ। ਪੁਲਿਸ ਨੇ ਪਹਿਲਾਂ ਇਕ ਕਤਲ ਦਾ ਕੇਸ ਪਾ ਕੇ ਕਾਰਵਾਈ ਸ਼ੁਰੂ ਕੀਤੀ ਸੀ, ਪਰ ਅੱਜ ਦੂਜੀ ਤਰੀਕ ਦੇ ਉਤੇ 50 ਲੋਕਾਂ ਦੇ ਕਤਲ ਲਈ ਕੇਸ ਪਾਏ ਗਏ ਅਤੇ 39 ਹੋਰ ਜ਼ਖਮੀਆਂ ਲਈ ਇਰਾਦਾ ਕਤਲ ਦਾ ਕੇਸ ਦਾਇਰ ਕੀਤਾ ਗਿਆ। ਇਸ ਮੌਕੇ ਮੀਡੀਆ ਭਾਵੇਂ ਖਚਾ-ਖਚ ਭਰਿਆ ਪਿਆ ਸੀ, ਪਰ ਕਿਸੀ ਨੂੰ ਵੀ ਫੋਟੋਆਂ ਆਦਿ ਖਿਚਣ ਦੀ ਆਗਿਆ ਨਹੀਂ ਸੀ। ਉਸ ਦੋਸ਼ੀ ਨੂੰ ਵੀ ਸਿਰਫ ਜੱਜ ਅਤੇ ਵਕੀਲਾਂ ਦਾ ਚਿਹਰਾ ਹੀ ਦਿਸ ਰਿਹਾ ਸੀ ਨਾ ਕਿ ਉਥੇ ਪਹੁੰਚੇ ਪੀੜਤ ਪਰਿਵਾਰਾਂ ਅਤੇ ਮੀਡੀਆ ਦਾ। ਦੋਸ਼ੀ ਪੂਰਾ ਸਮਾਂ ਬੜੇ ਠੰਡੇ ਜਿਗਰੇ ਨਾਲ ਉਥੇ ਖੜਾ ਰਿਹਾ ਤੇ ਉਸਦੀ ਸਕਰੀਨ ਦੀ ਆਵਾਜ਼ ਬੰਦ ਕੀਤੀ ਗਈ ਸੀ। ਇਹ ਅਦਾਲਤੀ ਕਾਰਵਾਈ ਕ੍ਰਾਈਸਟਚਰਚ ਹਾਈਕੋਰਟ ਦੇ ਅੰਦਰ ਹੋਈ ਜਦ ਕਿ ਦੋਸ਼ੀ ਔਕਲੈਂਡ ਦੀ ਅਤਿ ਸੁਰੱਖਿਅਤ ਜ਼ੇਲ੍ਹ ਦੇ ਅੰਦਰ ਸੀ। ਅਦਾਲਤ ਦੇ ਬਾਹਰ ਭਾਰੀ ਹਥਿਆਰਬੰਦ ਪੁਲਿਸ ਮੌਜੂਦ ਸੀ। ਮੁਸਲਮਾਨ ਔਰਤਾਂ ਨੂੰ ਇਕ ਦੂਜੇ ਨੂੰ ਗਲ ਮਿਲ ਕੇ ਦੁੱਖ ਦਾ ਪ੍ਰਗਟਾਵਾ ਕਰ ਰਹੀਆਂ ਸਨ। ਮਾਣਯੋਗ ਜੱਜ ਕੈਮਰਨ ਮੈਂਡਰ ਨੇ ਉਸਦੀ ਮਾਨਸਿਕ ਸਿਹਤ ਸਬੰਧੀ ਦੋ ਰਿਪੋਰਟਾਂ ਪੂਰੀਆਂ ਕਰਨ ਦਾ ਵੀ ਹੁਕਮ ਦਿੱਤਾ ਹੈ। ਇਸ ਦੋਸ਼ੀ ਨੂੰ ਹੁਣ 14 ਜੂਨ ਨੂੰ ਦੁਬਾਰਾ ਅਦਾਲਤੀ ਕਾਰਵਾਈ ਲਈ ਪੇਸ਼ ਕੀਤਾ ਜਾਵੇਗਾ। ਪੀੜਤ ਪਰਿਵਾਰਾਂ ਨੂੰ ਅਦਾਲਤੀ ਅਮਲੇ ਵੱਲੋਂ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਗਈ। ਮੀਡੀਆ ਨੂੰ ਰਿਪੋਰਟ ਦੇਣ ਦੀ ਆਗਿਆ ਦਿੱਤੀ ਗਈ ਪਰ ਜੋ ਅਦਾਲਤ ਚੈਂਬਰ ਦੀ ਅੰਦਰੂਨੀ ਕਾਰਵਾਈ ਸੀ, ਉਸਨੂੰ ਕਿਸੇ ਵੀ ਤਰ੍ਹਾਂ ਨਾ ਛਾਪਣ ਦੀ ਮਨਾਹੀ ਕੀਤੀ ਗਈ।

# ਨਿਊਜ਼ੀਲੈਂਡ ਤੋਂ ਇੰਡੀਆ ਜਾਣ ਵਾਲੇ ਲੋਕਾਂ ਨੂੰ ਆ ਰਹੀ ਹੈ ਵੱਡੀ ਮੁਸ਼ਕਿਲ, ਟਰੈਵਲ ਏਜੰਟ ਵੀ ਪਿੱਛੇ ਹਟੇ

## ਟਿਕਟਾਂ ਖ੍ਰੀਦਣ ਵਾਲੇ ਡਾਹਢੇ ਪ੍ਰੇਸ਼ਾਨ, ਨਹੀਂ ਚੜ੍ਹਨ ਦਿੱਤਾ ਜਾਂਦਾ ਜ਼ਹਾਜ਼

ਔਕਲੈਂਡ, 7 ਅਪ੍ਰੈਲ (ਹਰਜਿੰਦਰ ਸਿੰਘ ਬਸਿਆਲਾ):ਕਹਿੰਦੇ ਨੇ 'ਮਹਿੰਗਾ ਰੋਵੇ ਇਕ ਵਾਰ ਅਤੇ ਸਸਤਾ ਰੋਵੇ ਵਾਰ-ਵਾਰ' ਵਾਲੀ ਗੱਲ ਕਈ ਵਾਰ ਰੋਜ਼ਾਨਾ ਜੀਵਨ ਦੇ ਵਿਚ ਆਪਣਾ ਅਹਿਸਾਸ ਦੇ ਜਾਂਦੀ ਹੈ। ਨਿਊਜ਼ੀਲੈਂਡ ਤੋਂ ਇੰਡੀਆ ਜਾਣ ਵਾਸਤੇ ਬਹੁਤ ਸਾਰੇ ਉਨ੍ਹਾਂ ਲੋਕਾਂ ਨੂੰ ਇਨ੍ਹੀਂ ਦਿਨੀਂ ਇਕ ਵੱਡੀ ਮੁਸ਼ਕਿਆ ਰਹੀ ਹੈ ਕਿ ਜ਼ੈਟ ਏਅਰਵੇਜ਼ ਦੀਆਂ ਸੈਂਕੜੇ ਫਲਾਈਟਾਂ ਜਿਨ੍ਹਾਂ ਨੇ ਹਾਂਗਕਾਂਗ ਜਾਂ ਹੋਰ ਥਾਵਾਂ ਤੋਂ ਨਵੀਂ ਦਿੱਲੀ ਲਈ ਉਡਾਣ ਭਰਨੀ ਸੀ, ਮੰਦੇ ਦੇ ਚਲਦਿਆਂ ਬੰਦ ਹੋ ਗਈਆਂ ਹਨ। ਉਨ੍ਹਾਂ ਨੂੰ ਆਪਣੇ ਜ਼ਹਾਜ ਖੜੇ ਕਰਨੇ ਪੈ ਗਏ ਹਨ। ਅੱਜ ਕੁਝ ਯਾਤਰੀਆਂ ਨੇ ਟਿਕਟਾਂ ਦੀ ਕਾਪੀ ਭੇਜੀ ਹੈ ਜਿਨ੍ਹਾਂ ਨੂੰ ਔਕਲੈਂਡ ਏਅਰਪੋਰਟ ਉਤੋਂ ਇਸ ਕਰਕੇ ਚੜ੍ਹਨਾ ਨਸੀਬ ਨਹੀਂ ਹੋਇਆ ਕਿਉਂਕਿ ਉਨ੍ਹਾਂ ਦੀ ਹਾਂਗਕਾਂਗ ਤੋਂ ਅਗਲੀ ਫਲਾਈਟ ਲਿੰਕ ਨਹੀਂ ਸੀ ਹੋ ਰਹੀ ਕਿਉਂਕਿ ਜ਼ੈਟ ਏਅਰਵੇਜ ਨੇ ਫਲਾਈਟਾਂ ਕੈਂਸਲ ਕਰ ਦਿੱਤੀਆਂ ਸਨ। ਇਕ ਯਾਤਰੀ ਨੇ ਜਦੋਂ ਆਪਣੇ ਫਲਾਈਟ ਐਕਸਪਰਟ ਵਾਲੇ ਏਜੰਟ ਤੋਂ ਇਸ ਸਬੰਧੀ ਪੁਛਿਆ ਤਾਂ ਉਹ ਵੀ ਕੋਈ ਤਸੱਲੀਬਖਸ਼ ਜਵਾਬ ਨਾ ਸਕੇ ਅਤੇ ਯਾਤਰੀ ਡਾਹਢੇ ਪ੍ਰੇਸ਼ਾਨ ਹੋਏ। ਉਨ੍ਹਾਂ ਨੂੰ ਜਿੱਥੇ ਕੋਈ ਰਿਫੰਡ ਆਦਿ ਮਿਲਣ ਦੀ ਪੂਰਨ ਆਸ ਨਾ ਬੱਝੀ ਉਥੇ ਖੜ੍ਹੇ ਪੈਰ ਦੁਬਾਰਾ ਅਗਲੇ ਦਿਨ ਦੀਆਂ ਮਹਿੰਗੀਆਂ ਟਿਕਟਾਂ ਲੈ ਕੇ ਜਾਣਾ ਪਿਆ। ਅੱਜ ਇਸ ਸਬੰਧੀ 'ਫਲਾਈਟ ਐਕਸਪਰਟ' ਦੇ ਦਫਤਰ ਵੀ ਗੱਲ ਕੀਤੀ ਅਤੇ ਅਧਿਕਾਰੀ ਨੂੰ ਈਮੇਲ ਵੀ ਪਾਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕੋਸ਼ਿਸ ਕੀਤੀ ਹੈ ਕਿ ਸਾਰੇ ਗਾਹਕਾਂ ਨੂੰ ਸੂਚਿਤ ਕੀਤਾ ਜਾਵੇ ਹੋ ਸਕਦਾ ਹੈ ਕੋਈ ਰਹਿ ਗਿਆ ਹੋਵੇ। ਰਿਫੰਡ ਬਾਰੇ ਉਨ੍ਹਾਂ ਕਿਹਾ ਕਿ ਲਗਪਗ ਦੋ ਮਹੀਨੇ ਦਾ ਸਮਾਂ ਲੱਗ ਜਾਂਦਾ ਹੈ। ਟਰੈਵਲ ਏਜੰਸੀ ਦੇ ਅਧਿਕਾਰੀ ਕੋਲੋਂ ਈਮੇਲ ਦਾ ਅਜੇ ਤੱਕ ਜਵਾਬ ਨਹੀਂ ਆਇਆ। ਸੋ ਜਿਨ੍ਹਾਂ ਨੇ ਵੀ ਜ਼ੈਟ ਏਅਰਵੇਜ਼ ਦੀਆਂ ਟਿਕਟਾਂ ਲਈਆਂ ਹਨ ਉਹ ਕ੍ਰਿਪਾ ਕਰਕੇ ਡਬਲ ਚੈਕ ਕਰ ਲੈਣ ਤਾਂ ਕਿ ਏਅਰੋਪਰਟ ਉਤੇ ਪ੍ਰੇਸ਼ਾਨੀ ਨਾ ਆਵੇ। ਫਲਾਈਟਾਂ ਦੇ ਕੈਂਸਲ ਹੋਣ ਦਾ ਸਿਲਸਿਲਾ ਮਾਰਚ ਮਹੀਨੇ ਤੋਂ ਚੱਲ ਰਿਹਾ ਹੈ ਪਰ ਇਥੇ ਦੇ ਏਜੰਟਾਂ ਨੇ ਆਪਣੇ ਗਾਹਕਾਂ ਨਾਲ ਤਾਲਮੇਲ ਕਰਨ ਦੀ ਵੀ ਕੋਸ਼ਿਸ਼ ਨਹੀਂ ਕੀਤੀ।

ਇੰਡੀਅਨ ਕੰਪਨੀ ਜ਼ੈਟ ਏਅਵੇਜ਼ ਦੀ ਬੋਲੀ ਲੱਗਣੀ ਸ਼ੁਰੂ ਹੋ ਗਈ ਹੈ ਅਤੇ ਇਸਨੂੰ ਚਲਾਉਣ ਲਈ 218 ਮਿਲੀਅਨ ਡਾਲਰ ਲੋੜੀਂਦੇ ਹਨ। ਸਟੇਟ ਬੈਂਕ ਆਫ ਇੰਡੀਆ ਨੇ ਕਰੋੜਾਂ ਰੁਪਏ ਕੰਪਨੀ ਕੋਲੋਂ ਲੈਣੇ ਹਨ।

ਧੰਨਵਾਦ: ਜਿਨ੍ਹਾਂ ਦੋ ਵੀਰਾਂ ਨੇ ਫੋਨ ਕਰਕੇ ਜਾਣਕਾਰੀ ਦਿੱਤੀ ਉਨ੍ਹਾਂ ਦਾ ਬਹੁਤ ਧੰਨਵਾਦ ਤਾਂ ਕਿ ਬਾਕੀ ਲੋਕ ਵੀ ਪ੍ਰੇਸ਼ਾਨੀ ਤੋਂ ਬਚ ਸਕਣ।


# ਗੁੱਜਰਾਂ ਦੀ ਰਿਜ਼ਰਵੇਸ਼ਨ ਉੱਤੇ ਰੋਕ ਤੋਂ ਸੁਪਰੀਮ ਕੋਰਟ ਦੀ ਨਾਂਹ

ਜੈਪੁਰ, 7 ਅਪ੍ਰੈਲ (ਪੋਸਟ ਬਿਊਰੋ)- ਰਾਜਸਥਾਨ ਵਿੱਚ ਗੁੱਜਰਾਂ ਸਮੇਤ ਪੰਜ ਜਾਤਾਂ ਨੂੰ ਪੰਜ ਫੀਸਦੀ ਰਾਖਵਾਂਕਰਨ ਦਿੱਤੇ ਜਾਣ ਦੇ ਫੈਸਲੇ ਬਾਰੇ ਸੁਪਰੀਮ ਕੋਰਟ ਵੱਲੋਂ ਅਸ਼ੋਕ ਗਹਿਲੋਤ ਸਰਕਾਰ ਨੂੰ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਰਾਖਵੇਂਕਰਨ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਹਾਈ ਕੋਰਟ ਵੱਲੋਂ ਰੋਕ ਨਾ ਲਾਉਣ ਕਾਰਨ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਇਹ ਹਾਈ ਕੋਰਟ ਦਾ ਅੰਤ੍ਰਿਮ ਹੁਕਮ ਹੈ ਤੇ ਸੁਪਰੀਮ ਕੋਰਟ ਇਸ ਵਿੱਚ ਦਖਲ ਨਹੀਂ ਦੇਵੇਗੀ। ਅਦਾਲਤ ਦੇ ਇਸ ਫੈਸਲੇ ਦਾ ਗੁੱਜਰ ਨੇਤਾਵਾਂ ਨੇ ਸਵਾਗਤ ਕੀਤਾ ਹੈ। ਰਾਜ ਸਰਕਾਰ ਨੇ ਰਾਜਸਥਾਨ ਪੱਛੜਾ ਵਰਗ ਸੋਧ ਐਕਟ ਹੇਠ ਗੁੱਜਰ ਸਮੇਤ ਪੰਜ ਜਾਤਾਂ ਗਾੜੀਆ ਲੁਹਾਰ, ਬੰਜਾਰਾ, ਰੇਬਾਰੀ ਅਤੇ ਰਾਇਕਾ ਨੂੰ ਐਮ ਬੀ ਸੀ (ਅੱਤ ਪੱਛੜਾ ਵਰਗ) ਵਿੱਚ ਪੰਜ ਫੀਸਦੀ ਵਿਸ਼ੇਸ਼ ਰਿਜ਼ਰਵੇਸ਼ਨ ਦਿੱਤਾ ਹੋਇਆ ਹੈ।

# ਟਿਕਟ-ਵੰਡ ਤੋਂ ਪੰਜਾਬ ਕਾਂਗਰਸ ਵਿੱਚ ਬਣੀ ਬਗ਼ਾਵਤ ਵਰਗੀ ਸਥਿਤੀ

*** ਮਹਿੰਦਰ ਕੇ ਪੀ ਨੇ ਕਿਹਾ, ਮੇਰਾ ਸਿਆਸੀ ਕਤਲ ਕੀਤਾ ਗਿਐ**

*** ਸੰਤੋਸ਼ ਚੌਧਰੀ ਵੀ ਪਾਰਟੀ ਲੀਡਰਸ਼ਿਪ ਦੇ ਖਿਲਾਫ ਭੜਕੀ**



ਕਾਂਗਰਸ ਦੇ ਸਾਬਕਾ ਪਾਰਲੀਮੈਂਟ ਮੈਂਬਰ ਮਹਿੰਦਰ ਸਿੰਘ ਕੇ ਪੀ

ਜਲੰਧਰ, 7 ਅਪਰੈਲ, (ਪੋਸਟ ਬਿਊਰੋ)- ਕਾਂਗਰਸ ਦੇ ਸਾਬਕਾ ਪਾਰਲੀਮੈਂਟ ਮੈਂਬਰ ਮਹਿੰਦਰ ਸਿੰਘ ਕੇ ਪੀ ਦੇ ਪਰਿਵਾਰਕ ਮੈਂਬਰਾਂ ਤੇ ਨੇੜੂਆਂ ਨੇ ਉਨ੍ਹਾਂ ਨੂੰ ਪਾਰਟੀ ਟਿਕਟ ਨਾ ਮਿਲਣ ਕਾਰਨ ਜਲੰਧਰ ਲੋਕ ਸਭਾ ਹਲਕੇ ਤੋਂ ਆਜ਼ਾਦ ਚੋਣ ਲੜਾਉਣ ਦੀ ਗੱਲ ਸ਼ੁਰੂ ਕਰ ਲਈ ਹੈ। ਫਿਰ ਵੀ ਮਹਿੰਦਰ ਸਿੰਘ ਕੇ ਪੀ ਆਜ਼ਾਦ ਚੋਣ ਲੜਨ ਜਾਂ ਨਹੀਂ, ਇਸ ਬਾਰੇ ਉਨ੍ਹਾਂ ਨੇ ਨੇੜੂਆਂ ਤੋਂ ਸੋਸ਼ਲ ਮੀਡੀਆ ਉੱਤੇ ਰਾਏ ਜਾਨਣ ਲਈ ਸਰਵੇ ਸ਼ੁਰੂ ਕੀਤਾ ਹੈ।

ਇਸ ਦੌਰਾਨ ਮਹਿੰਦਰ ਸਿੰਘ ਕੇ ਪੀ ਨੇ ਇਕ ਵੀਡੀਓ ਵਿੱਚ ਕਿਹਾ ਹੈ ਕਿ ਮੇਰਾ ਸਿਆਸੀ ਕਤਲ ਕੀਤਾ ਗਿਆ ਹੈ, ਮੈਂ ਆਪਣੇ ਪਰਿਵਾਰ ਤੇ ਨੇੜਲਿਆਂ ਦੀ ਰਾਏ ਮੰਗੀ ਹੈਂ, ਜੇ ਉਨ੍ਹਾਂ ਦੀ ਸਹਿਮਤੀ ਹੋਈ ਤਾਂ ਆਜ਼ਾਦ ਚੋਣ ਲੜਾਂਗਾ।' ਵਰਨਣ ਯੋਗ ਹੈ ਕਿ ਮਹਿੰਦਰ ਸਿੰਘ ਕੇ ਪੀ 2004 ਵਿੱਚ ਜਲੰਧਰ ਤੋਂ ਕਾਂਗਰਸ ਟਿਕਟ ਉੱਤੇ ਚੋਣ ਜਿੱਤੇ ਸਨ ਅਤੇ ਪਿਛਲੀ ਵਾਰੀ ਸਿਟਿੰਗ ਐੱਮ ਪੀ ਹੋਣ ਦੇ ਬਾਵਜੂਦ ਉਨ੍ਹਾਂ ਦੀ ਸੀਟ ਖੋਹ ਕੇ ਹੁਸ਼ਿਆਰਪੁਰ ਤੋਂ ਖੜਾ ਕੀਤਾ ਗਿਆ ਸੀ। ਜਲੰਧਰ ਤੋਂ ਖੜੇ ਕੀਤੇ ਚੌਧਰੀ ਸੰਤੋਖ ਸਿੰਘ ਜਿੱਤ ਗਏ ਤੇ ਹੁਸ਼ਿਆਰਪੁਰ ਤੋਂ ਚੋਣ ਲੜੇ ਮਹਿੰਦਰ ਸਿੰਘ ਕੇ ਪੀ ਹਾਰ ਗਏ ਸਨ। ਇਸ ਵਾਰੀ ਫਿਰ ਕਾਂਗਰਸ ਟਿਕਟ ਨਾ ਮਿਲਣ ਤੋਂ ਨਾਰਾਜ਼ ਮਹਿੰਦਰ ਸਿੰਘ ਕੇ ਪੀ ਨੂੰ ਮਨਾਉਣ ਲਈ ਕਾਂਗਰਸ ਉਮੀਦਵਾਰ ਚੌਧਰੀ ਸੰਤੋਖ ਸਿੰਘ ਅੱਜ ਉਨ੍ਹਾਂ ਦੇ ਘਰ ਗਏ। ਚੌਧਰੀ ਸੰਤੋਖ ਸਿੰਘ ਨੇ ਉਨ੍ਹਾਂ ਨੂੰ ਨਾਰਾਜ਼ਗੀ ਛੱਡ ਕੇ ਪਾਰਟੀ ਨਾਲ ਚੱਲਣ ਵਾਸਤੇ ਕਿਹਾ, ਪਰ ਉਹ ਨਹੀਂ ਮੰਨੇ ਤੇ ਆਪਣਾ ਫ਼ੈਸਲਾ ਪਰਿਵਾਰਕ ਮੈਂਬਰਾਂ ਦੇ ਵਿਦੇਸ਼ ਤੋਂ ਮੁੜਨ ਉੱਤੇ ਦੱਸਣ ਲਈ ਕਿਹਾ।

ਜਾਣਕਾਰ ਸੂਤਰਾਂ ਮੁਤਾਬਕ ਕੁਝ ਕਾਂਗਰਸ ਵਿਰੋਧੀ ਪਾਰਟੀਆਂ ਮਹਿੰਦਰ ਸਿੰਘ ਕੇ ਪੀ ਨਾਲ ਸੰਪਰਕ ਕਰ ਰਹੀਆਂ ਹਨ। ਵਰਨਣ ਯੋਗ ਹੈ ਕਿ ਜਲੰਧਰ ਹਲਕੇ ਤੋਂ ਟਿਕਟ ਮਿਲਣ ਮਗਰੋਂ ਚੌਧਰੀ ਸੰਤੋਖ ਸਿੰਘ ਰੇਲ ਗੱਡੀ ਉੱਤੇ ਏਥੇ ਪੁੱਜੇ ਤਾਂ ਉਨ੍ਹਾਂ ਦੇ ਸਵਾਗਤ ਲਈ ਵੱਡੀ ਗਿਣਤੀ ਕਾਂਗਰਸੀ ਆਗੂ ਤੇ ਵਰਕਰ ਗਏ ਸਨ, ਪਰ ਮਹਿੰਦਰ ਸਿੰਘ ਕੇ ਪੀ ਅਤੇ ਜਲੰਧਰ ਪੱਛਮੀ ਦੇ ਵਿਧਾਇਕ ਸੁਸ਼ੀਲ ਰਿੰਕੂ ਨੇ ਦੂਰੀ ਬਣਾਈ ਰੱਖੀ। ਅੱਜ ਚੌਧਰੀ ਸੰਤੋਖ ਦੇ ਮਿਲਣ ਆਉਣ ਬਾਰੇ ਮਹਿੰਦਰ ਸਿੰਘ ਕੇ ਪੀ ਨੇ ਕਿਹਾ ਕਿ ਉਹ ਮੇਰੇ ਘਰ ਆਏ ਸਨ, ਮੈਂ ਪੂਰਾ ਮਾਣ-ਸਤਿਕਾਰ ਕੀਤਾ ਹੈ, ਪਰ ਕੋਈ ਵੀ ਭਰੋਸਾ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਇੰਗਲੈਂਡ ਰਹਿੰਦੇ ਭਰਾ ਤੇ ਹੋਰ ਰਿਸ਼ਤੇਦਾਰ ਆ ਰਹੇ ਹਨ, ਮੇਰੀ ਧੀ ਅਮਰੀਕਾ ਤੋਂ ਆ ਰਹੀ ਹੈ, ਸਭ ਦੇ ਆਉਣ ਪਿੱਛੋਂ ਫ਼ੈਸਲਾ ਲਵਾਂਗੇ, ਪਰ ਸਾਰੇ ਬਦਲ ਖੁੱਲ੍ਹੇ ਹਨ। ਇਸ ਦੌਰਾਨ ਅੱਜ ਮਹਿੰਦਰ ਕੇ ਪੀ ਦੇ ਘਰ ਚੌਧਰੀ ਸੰਤੋਖ ਸਿੰਘ ਨੂੰ ਕੇ ਪੀ ਦੇ ਹਮਾਇਤੀਆਂ ਨੇ ਕਾਫੀ ਖਰੀਆਂ-ਖੋਟੀਆਂ ਸੁਣਾਈਆਂ ਅਤੇ ਕਾਫੀ ਦੇਰ ਹੰਗਾਮਾ ਹੁੰਦਾ ਰਿਹਾ।

ਦੂਸਰੇ ਪਾਸੇ ਹੁਸ਼ਿਆਰਪੁਰ ਤੋਂ ਆਪਣੀ ਟਿਕਟ ਲਗਾਤਾਰ ਦੂਜੀ ਵਾਰ ਕੱਟੇ ਜਾਣ ਕਾਰਨ ਸਾਬਕਾ ਕੇਂਦਰੀ ਮੰਤਰੀ ਸੰਤੋਸ਼ ਚੌਧਰੀ ਨੇ ਭਾਵੁਕ ਹੋ ਕੇ ਕਿਹਾ, 'ਕਾਂਗਰਸ ਨੂੰ ਬੁਲੰਦੀ ਉੱਤੇ ਪੁਚਾਉਣ ਲਈ ਚੌਧਰੀ ਪਰਿਵਾਰ ਨੇ ਕੁਰਬਾਨੀ ਦਿੱਤੀ ਸੀ, ਪਰ ਅੱਜ ਦੀ ਕਾਂਗਰਸ ਦੌਲਤ ਦੀ ਭੁੱਖੀ ਹੋ ਗਈ ਹੈ। ਮੇਰੇ ਕੋਲ ਦੌਲਤ ਨਹੀਂ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਕਿਸੇ ਦੀ ਨਹੀਂ ਚੱਲਣ ਦਿੱਤੀ ਜਾਂਦੀ, ਵੰਨ ਮੈਨ ਸ਼ੋਅ ਹੈ। ਇਸ ਹਾਲਤ ਵਿੱਚ ਰਾਹੁਲ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਕਿਸ ਤਰ੍ਹਾਂ ਪੂਰਾ ਹੋਵੇਗਾ? ਏਥੇ ਪਿਪਲਾਂਵਾਲਾ ਵਿਖੇ ਆਪਣੇ ਘਰ ਸਾਬਕਾ ਐੱਮ ਪੀ ਸੰਤੋਸ਼ ਚੌਧਰੀ ਰੋ ਪਈ ਅਤੇ ਕਿਹਾ ਕਿ ਮੇਰੇ ਪਰਿਵਾਰ ਨੂੰ ਸਾਜ਼ਿਸ਼ ਹੇਠ ਪਿੱਛੇ ਕੀਤਾ ਗਿਆ ਹੈ, ਮੈਂ 2009 ਦੀ ਲੋਕ ਸਭਾ ਚੋਣ ਹੁਸ਼ਿਆਰਪੁਰੋਂ ਜਿੱਤੀ ਸੀ, ਫਿਰ ਵੀ ਮੇਰੀ ਟਿਕਟ ਕੱਟੀ ਗਈ। ਸਾਲ 2014 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਟਿਆਲਾ ਤੋਂ ਚੋਣ ਹਾਰ ਗਈ ਸੀ, ਫਿਰ ਵੀ ਉਸ ਨੂੰ ਟਿਕਟ ਦੇ ਦਿੱਤੀ ਹੈ ਤਾਂ ਮੇਰੀ ਟਿਕਟ ਕਿਉਂ ਕੱਟੀ ਹੈ।' ਉਨ੍ਹਾ ਨੇ ਕਿਹਾ ਕਿ ਉਹ ਇਸ ਲੋਕ ਸਭਾ ਹਲਕੇ ਵਿਚਲੇ ਨੌ ਵਿਧਾਨ ਸਭਾ ਹਲਕਿਆਂ ਦੇ ਵਰਕਰਾਂ ਨਾਲ ਬੈਠਕ ਕਰ ਕੇ ਉਨ੍ਹਾਂ ਦੀ ਰਾਏ ਲੈਣਗੇ ਤੇ ਇਸ ਦੇ ਬਾਅਦ ਹੀ ਆਪਣਾ ਫ਼ੈਸਲਾ ਦੱਸਣਗੇ। ਉਨ੍ਹਾਂ ਨੇ ਕਾਂਗਰਸ ਤੋਂ ਆਜ਼ਾਦ ਚੋਣ ਲੜਨ ਦਾ ਵੀ ਸਾਫ ਸੰਕੇਤ ਦਿੱਤਾ ਹੈ।

# 'ਨਮੋ ਟੀ ਵੀ' ਵਿਵਾਦ ਬਾਰੇ ਟਾਟਾ ਸਕਾਈ ਦਾ ਯੂ-ਟਰਨ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਡੀ ਟੀ ਐਚ (ਡਾਇਰੈਕਟ ਟੂ ਹੋਮ) ਸੇਵਾ ਦੇਣ ਵਾਲੀ ਕੰਪਨੀ ਟਾਟਾ ਸਕਾਈ ਨੇ ਕੱਲ੍ਹ ਯੂ-ਟਰਨ ਲੈਂਦੇ ਹੋਏ ਕਹਿ ਦਿੱਤਾ ਹੈ ਕਿ ਨਮੋ ਟੀ ਵੀ ਇਕ ਵਿਸ਼ੇਸ਼ ਸੇਵਾ ਚੈਨਲ ਹੈ, ਜਿਸ ਉਤੇ ਵਿਖਾਇਆ ਜਾਣ ਵਾਲਾ ਵਿਸ਼ਾ ਵਸਤੂ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਪੇਸ਼ ਕੀਤਾ ਜਾਂਦਾ ਹੈ।

ਇਸੇ ਕੰਪਨੀ ਨੇ ਪਹਿਲਾਂ ਇਕ ਟਵੀਟ ਵਿੱਚ ਨਮੋ ਟੀ ਵੀ ਨੂੰ ਹਿੰਦੀ ਖਬਰਾਂ ਦਾ ਚੈਨਲ ਕਰਾਰ ਦਿੱਤਾ ਸੀ, ਜੋ ਕੌਮੀ ਸਿਆਸਤ ਨਾਲ ਜੁੜੀਆਂ ਤਾਜ਼ਾ ਖਬਰਾਂ ਪ੍ਰਸਾਰਿਤ ਕਰਦਾ ਹੈ। ਪਾਰਲੀਮੈਂਟ ਚੋਣਾਂ ਦੇ ਮਾਹੌਲ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਨਮੋ ਟੀ ਵੀ ਦੇ ਪ੍ਰਸਾਰਨ ਨੂੰ ਚੋਣ ਜ਼ਾਬਤੇ ਦਾ ਉਲੰਘਣ ਦੱਸ ਕੇ ਪਾਏ ਗਏ ਰੌਲੇ ਰੱਪੇ ਮਗਰੋਂ ਕੰਪਨੀ ਨੇ ਇਸ ਟਵੀਟ ਨੂੰ ਉਥੋਂ ਹਟਾ ਦਿੱਤਾ ਹੈ। ਇਸ ਦੇ ਬਾਅਦ ਟਾਟਾ ਸਕਾਈ ਨੇ ਬਿਆਨ ਜਾਰੀ ਕੀਤਾ ਹੈ ਕਿ 'ਨਮੋ ਟੀ ਵੀ ਇਕ ਵਿਸ਼ੇਸ਼ ਸੇਵਾ ਚੈਨਲ ਹੈ, ਜੋ ਸਾਰੇ ਗਾਹਕਾਂ ਲਈ ਹੈ। ਇਸ ਸੇਵਾ ਦੀ ਸਮੱਗਰੀ ਭਾਜਪਾ ਵੱਲੋਂ ਪੁਚਾਈ ਜਾਂਦੀ ਹੈ।' ਕੰਪਨੀ ਨੇ ਪਹਿਲਾਂ ਇਹ ਵੀ ਕਿਹਾ ਸੀ ਕਿ ਸ਼ੁਰੂ ਦੀ ਪੇਸ਼ਕਸ਼ ਵਜੋਂ ਇਹ ਚੈਨਲ ਸਾਰੇ ਗਾਹਕਾਂ ਲਈ ਹੈ। ਇਕ ਵੱਖਰੇ ਟਵੀਟ 'ਚ ਕੰਪਨੀ ਨੇ ਕਿਹਾ ਸੀ ਕਿ ਕਿਸੇ ਖਾਸ ਚੈਨਲ ਨੂੰ ਹਟਾਉਣ ਦਾ ਕੋਈ ਬਦਲ ਮੌਜੂਦ ਨਹੀਂ ਹੈ।

# ਵਿਗਿਆਨੀਆਂ ਨੇ ਸਕਿਨ ਨੂੰ ਜਵਾਨ ਰੱਖਣ ਵਾਲਾ ਪ੍ਰੋਟੀਨ ਲੱਭਿਆ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਵਿਗਿਆਨੀਆਂ ਨੇ 'ਸੀ ਓ ਐੱਲ 17 ਏ 1' ਨਾਂਅ ਦੇ ਇੱਕ ਪ੍ਰੋਟੀਨ ਦੀ ਖੋਜ ਕੀਤੀ ਅਤੇ ਦਾਅਵਾ ਕੀਤਾ ਹੈ ਕਿ ਇਹ ਸਕਿਨ ਨੂੰ ਹਮੇਸ਼ਾ ਜਵਾਨ ਰੱਖੇਗਾ। ਪਿਛਲੇ ਸਮੇਂ ਵਿੱਚ ਕੀਤੀ ਗਈ ਸਟੱਡੀ ਵਿੱਚ ਸਾਹਮਣੇ ਆਇਆ ਹੈ ਕਿ ਇਹ ਪ੍ਰੋਟੀਨ ਸਕਿਨ ਨੂੰ ਜਿਉਂ ਦਾ ਤਿਉਂ ਰੱਖਦਾ ਹੈ ਤੇ ਖਰਾਬ ਨਹੀਂ ਹੋਣ ਦਿੰਦਾ। ਇਹ ਸਟੱਡੀ ਟੋਕੀਓ ਸਥਿਤ ਮੈਡੀਕਲ ਐਂਡ ਡੈਂਟਲ ਯੂਨੀਵਰਸਿਟੀ 'ਚ ਆਯੋਜਤ ਕੀਤੀ ਗਈ ਹੈ।

ਪਤਾ ਲੱਗਾ ਹੈ ਕਿ ਇਸ ਸਟੱਡੀ ਵਿੱਚ ਸਰੀਰ 'ਚ ਹੋਣ ਵਾਲੇ ਸੈੱਲ ਕੰਪੀਟੀਸ਼ਨ ਵਿਚਾਲੇ ਚੱਲਦੀ ਮੁਕਾਬਲੇਬਾਜ਼ੀ ਉੱਤੇ ਧਿਆਨ ਦਿੱਤਾ ਗਿਆ। ਦਰਅਸਲ ਮਨੁੱਖੀ ਸਰੀਰ ਦੇ ਨਾਲ ਸਕਿਨ ਵਿੱਚ ਵੀ ਸੈੱਲਸ ਬਣਦੇ ਰਹਿੰਦੇ ਹਨ ਅਤੇ ਇਹ ਪ੍ਰਕਿਰਿਆ ਉਨ੍ਹਾਂ ਦੀ ਮੁਰੰਮਤ ਵਿੱਚ ਮਦਦ ਕਰਦੀ ਹੈ, ਪਰ ਜਿਵੇਂ-ਜਿਵੇਂ ਉਮਰ ਵਧਦੀ ਹੈ, ਉਵੇਂ ਉਵੇਂ 'ਸੀ ਓ ਐੱਲ 17 ਏ 1' ਨਾਂਅ ਦਾ ਇਹ ਪ੍ਰੋਟੀਨ ਘੱਟ ਹੁੰਦਾ ਜਾਂਦਾ ਹੈ ਅਤੇ ਫਿਰ ਜੋ ਸੈੱਲਸ ਬਣਦੇ ਹਨ, ਉਹ ਬੜੇ ਕਮਜ਼ੋਰ ਅਤੇ ਪਤਲੇ ਹੁੰਦੇ ਹਨ। ਸਕਿਨ ਉਤੇ ਸੂਰਜ ਦੀਆਂ ਖਤਰਨਾਕ ਯੂ ਵੀ ਕਿਰਨਾਂ ਦਾ ਬੁਰਾ ਅਸਰ ਪੈਂਦਾ ਹੈ ਅਤੇ ਉਸ ਨਾਲ ਸੈੱਲਸ ਕਾਫੀ ਕਮਜ਼ੋਰ ਹੋ ਜਾਂਦੇ ਅਤੇ ਆਸਾਨੀ ਨਾਲ ਡੈਮੇਜ ਵੀ ਹੋ ਜਾਂਦੇ ਹਨ। ਨੇਚਰ ਨਾਂਅ ਦੇ ਮੈਗਜ਼ੀਨ ਵਿੱਚ ਛਪੀ ਖੋਜ ਨੂੰ ਇੱਕ ਚੂਹੇ ਦੀ ਪੂਛ 'ਤੇ ਕੀਤਾ ਗਿਆ ਸੀ। ਇਸ ਚੂਹੇ ਦੀ ਸਕਿਨ ਇਨਸਾਨੀ ਸਕਿਨ ਨਾਲ ਕਾਫੀ ਮੇਲ ਖਾਂਦੀ ਸੀ। ਇਸ ਪ੍ਰੋਟੀਨ ਦੇ ਮਹੱਤਵ ਦਾ ਮੁਲਾਂਕਣ ਕਰਨ ਪਿੱਛੋਂ ਟੀਮ ਨੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਜੇ ਸਕਿਨ ਵਿੱਚ ਸੀ ਓ ਐੱਲ 17 ਏ 1 ਪ੍ਰੋਟੀਨ ਦਾ ਪੱਧਰ ਘੱਟ ਹੋ ਜਾਵੇ ਤਾਂ ਕੀ ਇਸ ਨੂੰ ਮੁੜ ਵਧਾਇਆ ਜਾ ਸਕਦਾ ਹੈ? ਉਨ੍ਹਾਂ ਨੇ ਅਜਿਹੇ ਤੱਤਾਂ ਦੀ ਖੋਜ ਸ਼ੁਰੂ ਕਰ ਦਿੱਤੀ, ਜਿਸ ਨਾਲ ਵਧਦੀ ਉਮਰ ਰੋਕੀ ਜਾ ਸਕੇ। ਇਸ ਲਈ ਖੋਜੀਆਂ ਨੇ ਦੋ ਕੈਮੀਕਲ ਵਾਈ 27632 ਅਤੇ ਐਪੋਸਿਨਿਨ ਨੂੰ ਦੋਵਾਂ ਤਰ੍ਹਾਂ ਦੇ ਸਕਿਨ ਸੈੱਲਸ ਉਤੇ ਟੈਸਟ ਕੀਤਾ ਤਾਂ ਨਤੀਜਾ ਹਾਂ-ਪੱਖੀ ਰਿਹਾ। ਉਨ੍ਹਾਂ ਦੇਖਿਆ ਕਿ ਇਨ੍ਹਾਂ ਕੈਮੀਕਲ ਦੇ ਨਾਲ ਸਕਿਨ 'ਚ ਹੋਣ ਵਾਲੇ ਜ਼ਖਮਾਂ 'ਤੇ ਉਨ੍ਹਾਂ ਦਾ ਕਾਫੀ ਅਸਰ ਦੇਖਣ ਨੂੰ ਮਿਲਿਆ।

# ਭਾਰਤ ਦੀ ਹਵਾਈ ਫੌਜ ਨੇ ਅਮਰੀਕੀ ਮੀਡੀਆ ਦੀ ਰਿਪੋਰਟ ਰੱਦ ਕੀਤੀ

## * ਐੱਫ-16 ਪਾਕਿਸਤਾਨੀ ਜਹਾਜ਼ ਡੇਗਣ ਦਾ ਦਾਅਵਾ ਦੁਹਰਾਇਆ



ਨਵੀਂ ਦਿੱਲੀ, 7 ਅਪਰੈਲ, (ਪੋਸਟ ਬਿਊਰੋ)- ਭਾਰਤੀ ਹਵਾਈ ਫੌਜ (ਆਈ ਏ ਐੱਫ) ਨੇ ਅਮਰੀਕੀ ਮੀਡੀਆ ਦੀ ਉਸ ਰਿਪੋਰਟ ਨੂੰ ਰੱਦ ਕਰ ਦਿੱਤਾ ਹੈ, ਜਿਸ ਵਿੱਚ ਲਿਖਿਆ ਹੈ ਕਿ ਪਾਕਿਸਤਾਨ ਦਾ ਕੋਈ ਐੱਫ-16 ਲੜਾਕੂ ਜਹਾਜ਼ ਲਾਪਤਾ ਹੀ ਨਹੀਂ ਹੈ। ਅਸਲ ਵਿਚ ਇਸ ਰਿਪੋਰਟ ਵਿੱਚ 27 ਫਰਵਰੀ ਨੂੰ ਹੋਈ ਡਾਗਫਾਈਟ ਦੌਰਾਨ ਭਾਰਤੀ ਹਵਾਈ ਫੌਜ ਵੱਲੋਂ ਸੁੱਟੇ ਗਏ ਪਾਕਿਸਤਾਨ ਦੇ ਐੱਫ-16 ਜਹਾਜ਼ ਦੀ ਸਚਾਈ ਉੱਤੇ ਸਵਾਲ ਉਠਾਏ ਗਏ ਸਨ। ਅੱਜ ਏਥੇ ਭਾਰਤੀ ਹਵਾਈ ਫੌਜ ਨੇ ਇਸ ਰਿਪੋਰਟ ਨੂੰ ਸਿਰੇ ਤੋਂ ਰੱਦ ਕਰਦੇ ਕਿਹਾ ਕਿ ਮਿਗ ਜਹਾਜ਼ ਦੇ ਪਾਇਲਟ ਵਿੰਗ ਕਮਾਂਡਰ ਅਭਿਨੰਦਨ ਨੇ ਪਾਕਿਸਤਾਨ ਏਅਰ ਫੋਰਸ ਦੇ ਐੱਫ-16 ਨੂੰ ਸੁੱਟ ਦਿੱਤਾ ਸੀ, ਜਿਹੜਾ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦੇ ਇਲਾਕੇ ਵਿੱਚ 7-8 ਕਿਲੋਮੀਟਰ ਅੰਦਰ ਜਾ ਕੇ ਡਿੱਗਾ ਸੀ।

ਵਰਨਣ ਯੋਗ ਹੈ ਕਿ ਅਮਰੀਕੀ ਮੈਗਜ਼ੀਨ 'ਫਾਰੇਨ ਪਾਲਿਸੀ' ਦੀ ਰਿਪੋਰਟ ਵਿੱਚ 2 ਸੀਨੀਅਰ ਅਮਰੀਕੀ ਰੱਖਿਆ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਪਿੱਛੇ ਜਿਹੇ ਪਾਕਿਸਤਾਨ ਦੇ ਐੱਫ-16 ਜਹਾਜ਼ਾਂ ਦੀ ਗਿਣਤੀ ਕੀਤੀ ਤਾਂ ਦੇਖਿਆ ਗਿਆ ਕਿ ਸਾਰੇ ਜਹਾਜ਼ ਮੌਜੂਦ ਸਨ। ਇਸ ਖਬਰ ਵਿੱਚ ਕਿਹਾ ਗਿਆ ਕਿ ਇਹ ਖੁਲਾਸਾ ਭਾਰਤੀ ਹਵਾਈ ਫੌਜ ਦੇ ਦੇ ਉਸ ਦਾਅਵੇ ਦੇ ਉਲਟ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨੇ ਪਾਕਿਸਤਾਨੀ ਐੱਫ-16 ਜਹਾਜ਼ ਡੇਗਿਆ ਸੀ। ਇਸ ਰਿਪੋਰਟ ਮੁਤਾਬਕ ਸੰਭਵ ਹੈ ਕਿ ਪੁਰਾਣੇ ਮਿਗ-21 ਬਾਇਸਨ ਜਹਾਜ਼ ਨੂੰ ਉਡਾ ਰਹੇ ਵਰਧਮਾਨ ਨੇ ਪਾਕਿਸਤਾਨੀ ਐੱਫ-16 ਉੱਤੇ ਨਿਸ਼ਾਨਾ ਸਾਧਿਆ ਹੋਵੇ, ਫਾਇਰ ਵੀ ਕੀਤਾ ਹੋਵੇ ਤੇ ਉਨ੍ਹਾਂ ਨੂੰ ਲੱਗਾ ਹੋਵੇ ਕਿ ਉਨ੍ਹਾਂ ਨੇ ਜਹਾਜ਼ ਡੇਗ ਲਿਆ ਹੈ। ਭਾਰਤੀ ਹਵਾਈ ਫੌਜ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਕਿਸਤਾਨ ਏਅਰ ਫੋਰਸ ਦੇ ਇੰਟਰਸੈਪਟ ਕੀਤੇ ਗਏ ਰੇਡੀਓ ਕਮਿਊਨੀਕੇਸ਼ਨ ਤੋਂ ਪੁਸ਼ਟੀ ਹੋਈ ਸੀ ਕਿ ਉਸ ਦਿਨ ਭਾਰਤ ਉੱਤੇ ਹਮਲੇ ਦੀ ਕੋਸ਼ਿਸ਼ ਵਿੱਚ ਸ਼ਾਮਲ ਇਕ ਐੱਫ-16 ਜੈਟ ਆਪਣੇ ਬੇਸ ਵਿੱਚ ਵਾਪਸ ਨਹੀਂ ਗਿਆ ਸੀ। ਇਹੀ ਨਹੀਂ, ਭਾਰਤੀ ਹਵਾਈ ਫੌਜ ਦੇ ਮੁਤਾਬਕ ਭਾਰਤ ਦੀ ਫੌਜ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੇ ਉਸ ਦਿਨ ਦੋ ਵੱਖ-ਵੱਖ ਥਾਵਾਂ ਉੱਤੇ ਇਨਜੈਕਸ਼ਨਜ਼ (ਜਹਾਜ਼ ਤੋਂ ਪਾਇਲਟ ਦਾ ਨਿਕਲਣਾ) ਦੇਖਿਆ ਸੀ। ਦੋਵੇਂ ਇਲਾਕੇ ਘੱਟੋ ਘੱਟ 8-10 ਕਿਲੋਮੀਟਰ ਦੂਰ ਸਨ। ਇਨ੍ਹਾਂ ਦੋਵਾਂ ਵਿੱਚੋਂ ਇੱਕ ਭਾਰਤੀ ਹਵਾਈ ਫੌਜ ਦਾ ਮਿਗ-21 ਜਹਾਜ਼ ਅਤੇ ਦੂਸਰਾ ਪਾਕਿਸਤਾਨ ਦਾ ਐੱਫ-16 ਜਹਾਜ਼ ਸੀ। ਇਲੈਕਟ੍ਰਾਨਿਕ ਸਿਗਨੇਚਰ ਤੋਂ ਵੀ ਪਤਾ ਲੱਗਦਾ ਹੈ ਕਿ ਪਾਕਿਸਤਾਨ ਏਅਰ ਫੋਰਸ ਦਾ ਜਹਾਜ਼ ਕੋਈ ਹੋਰ ਨਹੀਂ, ਐੱਫ-16 ਹੀ ਡਿੱਗਾ ਸੀ।


Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

CA CPA


info@cagrover.com

ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ: 905.247.0193



148-2960 Drew Road, Mississauga ON L4T 0A5 | Harcharan S. Grover

ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

Minimum 1 year experience & Trained mechanic

•6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ

Also need Body Shop Mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)

# ਅਮਰੀਕੀ ਸਰਹੱਦ ਨੇੜੇ ਰਹਿਣ ਵਾਲੇ ਕਿਊਬਿਕ ਵਾਸੀਆਂ ਨੂੰ ਸਰਕਾਰ ਦੇਵੇਗੀ 405,000 ਡਾਲਰ ਦਾ ਮੁਆਵਜ਼ਾ

...ਪੰਨਾ 1 ਦਾ ਬਾਕੀ

ਇਸ ਰਕਮ ਦੀ ਵੰਡ ਸਰਹੱਦ ਦੇ ਨੇੜੇ ਸਥਿਤ ਘਰਾਂ ਦੇ ਹਿਸਾਬ ਨਾਲ ਕੀਤੀ ਜਾਣੀ ਚਾਹੀਦੀ ਹੈ।ਇਸ ਦਸਤਾਵੇਜ਼ ਵਿੱਚ ਆਖਿਆ ਗਿਆ ਹੈ ਕਿ ਅੱਠ ਘਰਾਂ ਨੂੰ ਵੱਧ ਤੋਂ ਵੱਧ ਮੁਆਵਜ਼ਾ 25,000 ਡਾਲਰ ਦਿੱਤਾ ਜਾਵੇਗਾ, 15 ਘਰਾਂ ਨੂੰ 10,000 ਡਾਲਰ ਮੁਆਵਜ਼ਾ ਦਿੱਤਾ ਜਾਵੇਗਾ ਤੇ 22 ਘਰ, ਜਿਹੜੇ ਕਿ ਸਰਹੱਦ ਤੋਂ ਦੂਰ ਸਥਿਤ ਹਨ, 2,500 ਡਾਲਰ ਮੁਆਵਜ਼ਾ ਹਾਸਲ ਕਰਨ ਦੇ ਹੱਕਦਾਰ ਹੋਣਗੇ।

ਸਰਕਾਰ ਵੱਲੋਂ ਅਦਾਇਗੀ ਲਈ 485,000 ਡਾਲਰ ਦੀ ਰਕਮ ਰੱਖੀ ਗਈ ਹੈ, ਜਿਸ ਵਿੱਚ ਕੌਂਟੀਜੈਂਸੀ ਫੰਡ ਵੀ ਸ਼ਾਮਲ ਹੈ। ਅਜਿਹਾ ਇਸ ਲਈ ਕਿ ਜੇ ਹੋਰ ਘਰ ਵੀ ਇਸ ਮੁਆਵਜ਼ੇ ਦੇ ਯੋਗ ਨਿਕਲਦੇ ਹਨ ਤਾਂ ਉਨ੍ਹਾਂ ਨੂੰ ਵੀ ਬਣਦਾ ਮੁਆਵਜ਼ਾ ਦਿੱਤਾ ਜਾ ਸਕੇ। 2017 ਵਿੱਚ ਗੈਰਕਾਨੂੰਨੀ ਤੌਰ ਉੱਤੇ ਕੈਨੇਡਾ ਪਹੁੰਚਣ ਵਾਲੇ ਕੁੱਲ ਮਾਈਗ੍ਰੈਂਟਸ ਵਿੱਚੋਂ 96 ਫੀ ਸਦੀ ਇਸ ਰਾਹ ਤੋਂ ਹੀ ਆਏ ਸਨ।

# ਕਰਜ਼ਾ ਕਿਸੇ ਅਪਲਾਈ ਕੀਤਾ, ਚੈੱਕ ਕੋਈ ਹੋਰ ਕੈਸ਼ ਕਰਾ ਗਿਆ

ਅੰਮ੍ਰਿਤਸਰ, 5 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਦੇ ਪੁਤਲੀਘਰ ਵਾਲੀ ਰੇਲਵੇ ਵਰਕਸ਼ਾਪ ਵਿੱਚ ਮੁਲਾਜ਼ਮ ਰਮਾ ਸ਼ੰਕਰ ਨੇ ਨਾਰਦਰਨ ਜ਼ੋਨ ਰੇਲਵੇ ਇੰਪਲਾਈਜ਼ (ਐੱਨ ਜ਼ੈੱਡ ਆਰ ਈ) ਸੁਸਾਇਟੀ ਤੋਂ ਲਿਆ ਦੋ ਲੱਖ ਅੱਠ ਹਜ਼ਾਰ ਰੁਪਏ ਦੇ ਕਰਜ਼ੇ ਦਾ ਚੈੱਕ ਸਟੇਟ ਬੈਂਕ ਆਫ ਇੰਡੀਆ ਦੀ ਕਬੀਰ ਪਾਰਕ ਬ੍ਰਾਂਚ ਵਿੱਚ ਲਾਇਆ, ਪਰ ਇਹ ਚੈਕ ਬੈਂਕ ਵਿੱਚ ਹੀ ਕਿਸੇ ਨੇ ਬਦਲ ਦਿੱਤਾ ਅਤੇ ਉਸ ਨੂੰ ਕੈਸ਼ ਵੀ ਕੋਈ ਕਰਵਾ ਗਿਆ। ਰੇਲਵੇ ਮੁਲਾਜ਼ਮ ਆਪਣੇ ਖਾਤੇ ਵਿੱਚ ਪੈਸੇ ਨਾ ਆਉਣ 'ਤੇ ਬੈਂਕ ਵਿੱਚ ਚੱਕਰ ਲਾਉਂਦਾ ਰਿਹਾ, ਪਰ ਉਸ ਨੂੰ ਕੋਈ ਸਾਫ ਜਵਾਬ ਨਹੀਂ ਦਿੱਤਾ ਗਿਆ। ਕਰਮਚਾਰੀ ਨੇ ਆਪਣੇ ਤੌਰ 'ਤੇ ਜਾਂਚ ਕੀਤੀ ਤਾਂ ਪਾਇਆ ਕਿ ਇੱਕ ਨੌਜਵਾਨ ਬੈਂਕ ਵਿੱਚ ਉਸ ਦੇ ਚੈੱਕ ਦੀ ਜਗ੍ਹਾ ਜਾਅਲੀ ਚੈਕ ਰੱਖ ਗਿਆ ਅਤੇ ਉਸ ਦਾ ਚੈੱਕ ਉਸ ਨੇ ਆਪਣੇ ਖਾਤੇ ਵਿੱਚ ਪੈਸੇ ਟਰਾਂਸਫਰ ਕਰਵਾ ਕੇ ਏ ਟੀ ਐੱਮ ਤੋਂ ਨਿਕਲਵਾ ਵੀ ਲਏ। ਦੋਸ਼ੀ ਨੌਜਵਾਨ ਦੀ ਪਛਾਣ ਸੁਮਿਤ ਮਹਾਜਨ ਵਜੋਂ ਹੋਈ ਹੈ, ਜਿਸ ਦਾ ਲਾਇਸੈਂਸ ਜੰਮੂ ਦਾ ਹੈ, ਪਰ ਖਾਤੇ ਵਿੱਚ ਆਏ ਪੈਸੇ ਉਸ ਨੇ ਅੰਮ੍ਰਿਤਸਰ ਦੇ ਵੱਖ-ਵੱਖ ਏ ਟੀ ਐੱਮ ਤੋਂ ਕਢਾਏ ਸਨ। ਬੈਂਕ ਵਾਲੇ ਗਲਤੀ ਮੰਨਣ ਨੂੰ ਤਿਆਰ ਨਹੀਂ ਹਨ। ਪੀੜਤ ਨੌਜਵਾਨ ਰਮਾ ਸ਼ੰਕਰ ਸ਼ਿਕਾਇਤ ਲੈ ਕੇ ਸੁਸਾਇਟੀ ਦੇ ਡਾਇਰੈਕਟਰ ਮਹਿੰਦਰ ਕੁਮਾਰ ਸ਼ਰਮਾ ਦੇ ਕੋਲ ਗਿਆ ਅਤੇ ਉਨ੍ਹਾਂ ਨੂੰ ਦੱਸਿਆ। ਉਨ੍ਹਾਂ ਨੇ ਪੁਲਸ ਕਮਿਸ਼ਨਰ ਨੂੰ ਇਸ ਦੀ ਸ਼ਿਕਾਇਤ ਇਨਸਾਫ ਦੀ ਮੰਗ ਕੀਤੀ ਹੈ।

# ਦਰਬਾਰ ਸਾਹਿਬ ਤੋਂ ਤਿੰਨ ਕੁੜੀਆਂ ਨੇ ਪੰਜਾਬੀ ਗੀਤ ਉਤੇ ਵੀਡੀਓ ਬਣਾ ਕੇ ਟਿਕ-ਟਾਕ ਉੱਤੇ ਪਾਈ

ਅੰਮ੍ਰਿਤਸਰ, 7 ਅਪ੍ਰੈਲ (ਪੋਸਟ ਬਿਊਰੋ)- ਸ੍ਰੀ ਦਰਬਾਰ ਸਾਹਿਬ ਦੇ ਦੁਰ-ਪ੍ਰਬੰਧਾਂ ਦੀਆਂ ਖਬਰਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਇਸ ਵਾਰੀ ਤਿੰਨ ਕੁੜੀਆਂ ਨੇ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਇੱਕ ਗੀਤ 'ਤੇ ਵੀਡੀਓ ਬਣਾਈ ਅਤੇ ਸੋਸ਼ਲ ਮੀਡੀਆ ਉੱਤੇ ਚਾੜ੍ਹ ਕੇ ਤਰਥੱਲੀ ਮਚਾ ਦਿੱਤੀ ਹੈ।

ਅਫਸੋਸ ਦੀ ਗੱਲ ਹੈ ਕਿ ਇਹ ਵੀਡੀਓ ਦਰਬਾਰ ਸਾਹਿਬ ਦੀ ਪਰਿਕਰਮਾ ਦਾ ਪ੍ਰਬੰਧ ਦੇਖਣ ਲਈ ਬਣਾਏ ਦਫਤਰ ਕਮਰਾ ਨੰਬਰ 65 ਦੇ ਸਾਹਮਣੇ ਬਣਾਈ ਹੈ, ਜਿੱਥੇ ਪਰਿਕਰਮਾ ਇੰਚਾਰਜ, ਮੈਨੇਜਰ ਪਰਿਕਰਮਾ ਬੈਠੇ ਹੁੰਦੇ ਹਨ। ਘੰਟਾਘਰ ਬਾਹੀ ਤੋਂ ਹੇਠਾਂ ਉਤਰਦੇ ਸਾਰ ਬਣੀ ਇਸ ਵੀਡੀਓ ਵਿੱਚ ਤਿੰਨ ਲੜਕੀਆਂ ਪੰਜਾਬੀ ਗੀਤ 'ਜਦੋ ਨਿਕਲੀ ਪਟੋਲਾ ਬਣ ਕੇ ਮਿੱਤਰਾਂ ਦੀ ਜਾਨ ਤੇ ਬਣੇ' ਉੱਤੇ ਪਰਿਕਰਮਾ ਵਿੱਚ ਕੈਟਵਾਕ ਕਰਦੀਆਂ ਨਜ਼ਰ ਆਉਂਦੀਆਂ ਹਨ। ਵਰਨਣ ਯੋਗ ਹੈ ਕਿ ਦਰਬਾਰ ਸਾਹਿਬ ਦੀ ਪੂਰੀ ਪਰਿਕਰਮਾ ਵਿੱਚ ਸੀ ਸੀ ਟੀ ਵੀ ਕੈਮਰੇ ਲੱਗੇ ਹੋਏ ਹਨ ਅਤੇ ਇਨ੍ਹਾਂ ਉੱਤੇ ਨਜ਼ਰ ਰੱਖਣ ਲਈ ਇੱਕ ਕਮਰਾ, ਜਿਸ ਵਿੱਚ ਸਟਾਫ ਮੌਜੂਦ ਹੁੰਦਾ ਹੈ, ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਸੀ ਸੀ ਟੀ ਵੀ ਨਾਲ ਮੈਨੇਜਰ ਦਰਬਾਰ ਸਾਹਿਬ ਨਾਲ ਸੰਬੰਧਤ ਦਫਤਰਾਂ 'ਤੇ ਨਜ਼ਰ ਰੱਖਦੇ ਹਨ, ਪਰ ਇਸ ਵੀਡੀਓ 'ਤੇ ਮੈਨੇਜਰ ਦੀ ਨਜ਼ਰ ਨਹੀਂ ਪਈ। ਦਰਬਾਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਕਿਹਾ ਹੈ ਕਿ ਪਰਿਕਰਮਾ ਵਿੱਚ ਤਿੰਨ ਕੁੜੀਆਂ ਵੱਲੋਂ ਵੀਡੀਓ ਬਣਾਉਣ ਮਗਰੋਂ ਟਿਕ-ਟਾਕ ਉਤੇ ਗਾਣੇ ਨਾਲ ਜੋੜ ਕੇ ਸੋਸ਼ਲ ਮੀਡੀਆ 'ਤੇ ਪਾਉਣਾ ਠੀਕ ਨਹੀਂ ਤੇ ਇਹ ਹਰਕਤਾਂ ਕਰਨ ਵਾਲਿਆਂ ਨੂੰ ਮਰਿਆਦਾ ਦਾ ਖਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਇੰਟਰਨੈਟ ਦੇ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਂਦੇ ਕੁਝ ਲੋਕ ਪਰਿਕਰਮਾ ਵਿੱਚ ਚਲਦਿਅ ਮਰਿਆਦਾ ਨੂੰ ਅੱਖੋਂ ਓਹਲੇ ਕਰ ਕੇ ਗਾਣੇ ਐਡਿਟ ਕਰ ਕੇ ਵਿਵਾਦ ਵੀਡੀਓ ਸੋਸ਼ਲ ਮੀਡੀਆ 'ਤੇ ਫੈਲਾਅ ਦਿੰਦੇ ਹਨ, ਜਿਸ ਨਾਲ ਸੰਗਤ ਦੀ ਧਾਰਮਿਕ ਭਾਵਨਾ ਨੂੰ ਠੇਸ ਪੁੱਜਦੀ ਹੈ। ਦਰਬਾਰ ਸਾਹਿਬ ਦੇ ਮੈਨੇਜਰ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਸਾਈਬਰ ਕਰਾਈਮ ਵਿਭਾਗ ਰਾਹੀਂ ਅਜਿਹਾ ਕਰਨ ਵਾਲੇ ਲੋਕਾਂ 'ਤੇ ਸ਼ਿਕੰਜਾ ਕੱਸਣਾ ਚਾਹੀਦਾ ਹੈ ਤੇ ਅਜਿਹਾ ਕਰਨ ਵਾਲੇ ਲੋਕਾਂ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਇਹ ਅਪੀਲ ਵੀ ਕੀਤੀ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਹੱਤਤਾ ਨੂੰ ਵੇਖਦਿਆਂ ਇਥੇ ਬਣਾਈ ਕਿਸੇ ਵੀ ਤਰ੍ਹਾਂ ਦੀ ਵਿਵਾਦਤ ਵੀਡੀਓ ਨੂੰ ਅੱਗੇ ਫੈਲਾਉਣ ਤੋਂ ਗੁਰੇਜ਼ ਕੀਤਾ ਜਾਵੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਗੁਆਂਢਣ ਦੇ ਮੂੰਹ ਉੱਤੇ ਕਾਲਖ ਮਲ ਕੇ ਵੀਡੀਓ ਵਾਇਰਲ ਕੀਤੀ, ਅੱਠਾਂ ਵਿਰੁੱਧ ਕੇਸ

ਬਟਾਲਾ, 7 ਅਪ੍ਰੈਲ (ਪੋਸਟ ਬਿਊਰੋ)- ਮਹਿਲਾ ਦੇ ਮੂੰਹ 'ਤੇ ਕਾਲਖ ਲਗਾ ਕੇ ਕੁੱਟਮਾਰ ਕਰ ਕੇ ਉਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਦੇ ਕੇਸ ਵਿੱਚ ਪੁਲਸ ਨੇ 20 ਦਿਨ ਬਾਅਦ ਗੁਆਂਢ ਵਿੱਚ ਰਹਿਣ ਵਾਲੀ ਮਹਿਲਾ, ਉਸ ਦੀ ਬੇਟੀ, ਤਿੰਨ ਬੇਟਿਆਂ ਸਮੇਤ ਅੱਠ ਜਣਿਆਂ 'ਤੇ ਕੇਸ ਦਰਜ ਕੀਤਾ ਹੈ। ਗੁਆਂਢਣ ਨੂੰ ਸ਼ੱਕ ਸੀ ਕਿ ਇਸ ਮਹਿਲਾ ਨਾਲ ਉਸ ਦੇ ਪਤੀ ਦੇ ਨਾਜਾਇਜ਼ ਸੰਬੰਧ ਹਨ।

ਪੀੜਤ ਔਰਤ ਦਾ ਦੋਸ਼ ਹੈ ਕਿ 17 ਮਾਰਚ ਦੀ ਰਾਤ ਪਿੰਡ ਮੰਡਿਆਲਾ ਦੀ ਰਹਿਣ ਵਾਲੀ ਦੇਸਾਂ ਪਤਨੀ ਅਮਰੀਕ ਤੇ ਉਸ ਦੇ ਪਰਵਾਰ ਦੇ ਲੋਕ ਉਸ ਦੇ ਘਰ ਆਏ ਅਤੇ ਕੁੱਟਮਾਰ ਕਰਦੇ ਹੋਏ ਜ਼ਬਰਦਸਤੀ ਆਪਣੇ ਘਰ ਲੈ ਗਏ। ਫਿਰ ਉਥੇ ਵੀ ਕੁੱਟਮਾਰ ਕੀਤੀ ਗਈ ਤੇ ਉਸ ਦੇ ਮੂੰਹ 'ਤੇ ਕਾਲਖ ਮਲ ਦਿੱਤੀ। ਦੇਸਾਂ ਉਸ ਉੱਤੇ ਆਪਣੇ ਪਤੀ ਦੇ ਨਾਲ ਨਾਜਾਇਜ਼ ਸੰਬੰਧ ਦਾ ਦੋਸ਼ ਲਾ ਰਹੀ ਸੀ। ਉਨ੍ਹਾਂ ਲੋਕਾਂ ਨੇ ਉਸ ਦੀ ਵੀਡੀਓ ਬਣਾਈ ਤੇ ਵਾਇਰਲ ਕਰ ਦਿੱਤੀ। ਪੁਲਸ ਨੇ ਦੇਸਾਂ, ਉਸ ਦੇ ਬੇਟੇ ਰਵੀ, ਕਾਸ਼ੀ, ਅੱਬੂ ਅਤੇ ਬੇਟੀ ਸੁਨੀਤਾ ਦੇ ਇਲਾਵਾ ਛਿੰਦਾ, ਦੇਸਾਂ ਦੇ ਭਰਾ-ਭਰਜਾਈ ਅਤੇ ਇੱਕ ਹੋਰ ਰਿਸ਼ਤੇਦਾਰ ਲਾਲੋ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਥਾਣਾ ਘੁਮਾਣ ਦੇ ਇੰਸਪੈਕਟਰ ਹਰਜੀਤ ਸਿੰਘ ਨੇ ਕਿਹਾ ਕਿ ਇੱਕੋ ਪਰਵਾਰ ਦੇ ਪੰਜ ਜਣਿਆਂ ਤੇ ਉਸ ਦੇ ਤਿੰਨ ਰਿਸ਼ਤੇਦਾਰਾਂ ਉਤੇ ਧਾਰਾ 452 (ਕਿਸੇ ਦੇ ਘਰ ਜ਼ਬਰਦਸਤੀ ਦਾਖਲ ਹੋਣਾ) 354 (ਮਹਿਲਾ ਨਾਲ ਛੇੜਛਾੜ) ਅਤੇ 355 (ਕਿਸੇ ਦੀ ਬੇਇੱਜ਼ਤੀ) ਦਾ ਕੇਸ ਦਰਜ ਕੀਤਾ ਹੈ। 17 ਮਾਰਚ ਤੋਂ ਮੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਪਿੱਛੋਂ ਵੀ ਪੁਲਸ ਚੁੱਪ ਸੀ। ਇਸਤਰੀ ਸਭਾ ਦੀ ਜਨਰਲ ਸੈਕਟਰੀ ਨੀਲਮ ਘੁਮਾਣ ਨੇ ਦੱਸਿਆ ਕਿ ਉਨ੍ਹਾਂ ਨੇ ਐੱਸ ਐੱਸ ਪੀ ਦਫਤਰ ਨੂੰ ਸ਼ਿਕਾਇਤ ਦਿੱਤੀ ਤਾਂ ਜਾਂਚ ਸ਼ੁਰੂ ਹੋਈ, ਪਰ ਜਾਂਚ ਕਰਤਾ ਅਧਿਕਾਰੀ ਦਲਜੀਤ ਸਿੰਘ ਪੀੜਤ ਔਰਤ ਦੇ ਘਰ ਜਾ ਕੇ ਦੋਸ਼ੀਆਂ ਨਾਲ ਸਮਝੌਤੇ ਲਈ ਦਬਾਅ ਪਾਉਣ ਲੱਗਾ। ਪੀੜਤ ਔਰਤ ਨੇ ਸ਼ਿਕਾਇਤ ਵਾਪਸ ਲੈਣ ਤੋਂ ਨਾਂਹ ਕੀਤੀ ਤਾਂ ਥਾਣੇਦਾਰ ਨੇ ਉਸ ਨੂੰ ਗੰਭੀਰ ਨਤੀਜੇ ਦੀ ਧਮਕੀ ਦਿੱਤੀ। ਨੀਲਮ ਘੁਮਾਣ ਨੇ ਦੱਸਿਆ ਕਿ ਘੁਮਾਣ ਐੱਸ ਐੱਚ ਓ ਹਰਜੀਤ ਸਿੰਘ ਵੀ ਕਈ ਵਾਰ ਵੀਡੀਓ ਦੇਖਣ ਦੇ ਬਾਵਜੂਦ ਟਾਲਦੇ ਰਹੇ। ਐੱਸ ਐੱਸ ਪੀ ਉਪਿੰਦਰਜੀਤ ਸਿੰਘ ਘੁੰਮਣ ਨੇ ਕਿਹਾ ਕਿ ਥਾਣਾ ਘੁਮਾਣ ਨੂੰ ਕਾਰਵਾਈ ਕਰਨ ਦੇ ਹੁਕਮ ਦਿੱਤੇ ਗਏ ਹਨ।

# ਚੋਣ ਜ਼ਾਬਤੇ ਦੌਰਾਨ ਹਥਿਆਰ ਲਾਇਸੈਂਸ ਜਾਰੀ ਕਰਨ ਦੀ ਰਿਪੋਰਟ ਤਲਬ

ਚੰਡੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ ਈ ਓ) ਡਾਕਟਰ ਐਸ ਕਰੁਣਾ ਰਾਜੂ ਨੇ ਚੋਣ ਜ਼ਾਬਤਾ ਲਾਗੂ ਹੋਣ ਪਿੱਛੋਂ ਵੀ ਹਥਿਆਰ ਲਾਇਸੈਂਸ ਜਾਰੀ ਕੀਤੇ ਜਾਣ ਉੱਤੇ ਰੂਪਨਗਰ ਦੇ ਜ਼ਿਲ੍ਹਾ ਚੋਣ ਅਧਿਕਾਰੀ ਸੁਮਿਤ ਜਾਰੰਗਲ ਤੋਂ ਰਿਪੋਰਟ ਮੰਗੀ ਹੈ। ਇਹ ਰਿਪੋਰਟ ਡਰੱਗ ਇੰਸਪੈਕਟਰ ਨੇਹਾ ਸ਼ੋਰੀ ਦੇ ਘਰਦਿਆਂ ਦੀ ਸ਼ਿਕਾਇਤ 'ਤੇ ਸੀ ਈ ਓ ਨੇ ਤਲਬ ਕੀਤੀ ਹੈ। ਵਰਨਣ ਯੋਗ ਹੈ ਕਿ ਨੇਹਾ (35) ਨੂੰ ਬੀਤੀ 29 ਮਾਰਚ ਨੂੰ ਖਰੜ (ਮੋਹਾਲੀ) ਦੇ ਦਫਤਰ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਉਸ ਨੂੰ ਗੋਲੀ ਮਾਰਨ ਵਾਲੇ ਬਲਵਿੰਦਰ ਕੁਮਾਰ ਨੇ ਦਸ ਮਾਰਚ ਨੂੰ ਚੋਣ ਜ਼ਾਬਤਾ ਲਾਗੂ ਹੋਣ ਪਿੱਛੋਂ ਪਿਸਟਲ ਦਾ ਲਾਇਸੈਂਸ ਬਣਵਾਇਆ ਸੀ। ਨੇਹਾ ਦੇ ਵਾਰਸਾਂ ਦਾ ਕਹਿਣਾ ਹੈ ਕਿ ਚੋਣ ਜ਼ਾਬਤਾ ਲਾਗੂ ਹੋਣ ਪਿੱਛੋਂ ਰੂਪਨਗਰ ਤੋਂ ਦੋਸ਼ੀ ਨੂੰ ਪਿਸਟਲ ਦਾ ਲਾਇਸੈਂਸ ਕਿਵੇਂ ਮਿਲ ਗਿਆ?

ਡਾ: ਐਸ ਕਰੁਣਾ ਰਾਜੂ ਨੇ ਦੱਸਿਆ ਕਿ ਸੂਬੇ ਦੇ ਸਾਰੇ ਜ਼ਿਲ੍ਹਾ ਚੋਣ ਅਧਿਕਾਰੀਆਂ ਤੋਂ ਜਾਣਕਾਰੀ ਮੰਗੀ ਗਈ ਹੈ ਕਿ ਚੋਣ ਜ਼ਾਬਤਾ ਲਾਗੂ ਹੋਣ ਪਿੱਛੋਂ ਕੀ ਹਥਿਆਰਾਂ ਦੇ ਲਾਇਸੈਂਸ ਜਾਰੀ ਕੀਤੇ ਗਏ ਜਾਂ ਰੀਨਿਊ ਕੀਤੇ ਹਨ। ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਦੇ ਨਿਰਦੇਸ਼ ਮੁਤਾਬਕ ਚੋਣ ਜ਼ਾਬਤਾ ਲਾਗੂ ਹੋਣ ਪਿੱਛੋਂ ਜਦ ਤੱਕ ਇਹ ਖਤਮ ਨਹੀਂ ਹੋ ਜਾਵੇ, ਤਦ ਤੱਕ ਹਥਿਆਰਾਂ ਦੇ ਲਾਇਸੈਂਸ ਜਾਰੀ ਨਹੀਂ ਕੀਤੇ ਜਾ ਸਕਦੇ। ਦੂਸਰੇ ਪਾਸੇ ਰੂਪਨਗਰ ਜ਼ਿਲ੍ਹੇ ਦੇ ਚੋਣ ਅਧਿਕਾਰੀ ਡਾਕਟਰ ਸੁਮਿਤ ਜਾਰੰਗਲ ਨੇ ਕਿਹਾ ਕਿ ਲਾਇਸੈਂਸ ਦੇਣ ਵਿੱਚ ਚੋਣ ਜ਼ਾਬਤੇ ਦੀ ਉਲੰਘਣਾ ਨਹੀਂ ਹੋਈ, ਇਸ ਦੀ ਰਿਪੋਰਟ ਭੇਜ ਦਿੱਤੀ ਗਈ ਹੈ। ਦਫਤਰ ਤੋਂ ਬਲਵਿੰਦਰ ਦਾ ਲਾਇਸੈਂਸ ਅੱਠ ਮਾਰਚ ਨੂੰ ਮਨਜ਼ੂਰ ਹੋਇਆ ਸੀ, ਨੌਂ ਅਤੇ ਦਸ ਮਾਰਚ ਨੂੰ ਛੁੱਟੀ ਕਾਰਨ ਈ-ਡਿਸਟ੍ਰਿਕਟ ਪੋਰਟਲ 'ਤੇ ਅਪਡੇਟ ਨਹੀਂ ਹੋਇਆ, ਜੋ 11 ਮਾਰਚ ਨੂੰ ਅਪਡੇਟ ਕੀਤਾ ਗਿਆ। 11 ਮਾਰਚ ਨੂੰ ਲਾਇਸੈਂਸ ਡਿਲੀਵਰ ਹੋਣ 'ਤੇ ਬਿਨੈਕਰਤਾ ਨੇ 12 ਨੂੰ ਅਸਲਾ ਖਰੀਦ ਲਿਆ, ਪ੍ਰੰਤੂ ਇਸ ਦੀ ਸੂਚਨਾ ਸੰਬੰਧਤ ਤਹਿਸੀਲਦਾਰ ਨੂੰ ਨਹੀਂ ਦਿੱਤੀ ਗਈ।

# ਪੈਸੇ ਦਾ ਹਿਸਾਬ ਮੰਗੇ ਤੋਂ ਔਰਤ ਨੇ ਤਿੰਨ ਬੱਚਿਆਂ ਸਣੇ ਦਿੱਤੀ ਸੀ ਜਾਨ!


ਜਲੰਧਰ, 7 ਅਪ੍ਰੈਲ (ਪੋਸਟ ਬਿਊਰੋ)- ਪੰਜ ਦਿਨ ਪਹਿਲਾਂ ਆਦਮਪੁਰ ਦੇ ਪਿੰਡ ਮਾਣਕੋਂ 'ਚ ਤਿੰਨ ਬੱਚਿਆਂ ਸਮੇਤ ਮਾਂ ਦੀ ਖੁਦਕੁਸ਼ੀ ਦਾ ਕੇਸ ਪਤੀ ਵੱਲੋਂ 22 ਸਾਲ 'ਚ ਭੇਜੇ ਪੈਸੇ ਦਾ ਹਿਸਾਬ ਮੰਗਣਾ ਨਿਕਲਿਆ ਹੈ।

ਸ਼ੁਰੂ ਦੀ ਜਾਂਚ ਮੁਤਾਬਕ ਦੁਬਈ ਵਿੱਚ ਟਰੱਕ ਡਰਾਈਵਿੰਗ ਕਰਦਾ ਮ੍ਰਿਤਕਾ ਦਾ ਪਤੀ ਉਸ ਤੋਂ ਹਿਸਾਬ ਮੰਗਦਾ ਸੀ ਕਿ ਜੋ ਲੱਖਾਂ ਰੁਪਏ ਉਸ ਨੇ ਪਿਛਲੇ ਕਈ ਸਾਲਾਂ ਵਿੱਚ ਭੇਜੇ ਹਨ, ਉਹ ਕਿੱਥੇ ਖਰਚ ਕੀਤੇ ਹਨ। ਇਸ ਦੇ ਨਾਲ ਮ੍ਰਿਤਕਾ ਦਾ ਪਤੀ ਲਗਭਗ ਢਾਈ ਦਹਾਕੇ ਤੋਂ ਦੁਬਈ 'ਚ ਨੌਕਰੀ ਤੋਂ ਬਾਅਦ ਹਮੇਸ਼ਾ ਲਈ ਅੱਠ ਅਪ੍ਰੈਲ ਨੂੰ ਪਿੰਡ ਪਰਤਣ ਵਾਲਾ ਸੀ। ਪੁਲਸ ਮੰਨ ਕੇ ਚੱਲ ਰਹੀ ਹੈ ਕਿ ਸ਼ਾਇਦ ਇਸ ਗੱਲ ਤੋਂ ਬਖਸ਼ਿੰਦ ਕੌਰ ਘਬਰਾ ਗਈ ਸੀ ਅਤੇ ਉਸ ਨੇ ਤਿੰਨ ਬੱਚਿਆਂ ਸਮੇਤ ਜ਼ਹਿਰ ਨਿਗਲ ਕੇ ਖੁਦਕੁਸ਼ੀ ਕਰ ਲਈ। ਸ਼ੁੱਕਰਵਾਰ 29 ਮਾਰਚ ਦੇਰ ਰਾਤ ਬਖਸ਼ਿੰਦ ਕੌਰ (47), ਉਸ ਦੇ ਪੁੱਤਰ ਜਸਪ੍ਰੀਤ ਸਿੰਘ (18), ਹਰਮਨਜੀਤ ਸਿੰਘ (11) ਤੇ ਧੀ ਹਰਕਮਲਪ੍ਰੀਤ ਕੌਰ (14) ਨੇ ਪਿੰਡ 'ਚ ਆਪਣੀ ਤਿੰਨ ਮੰਜ਼ਿਲਾ ਕੋਠੀ 'ਚ ਜ਼ਹਿਰੀਲਾ ਪਦਾਰਥ ਨਿਗਲ ਕੇ ਖੁਦਕੁਸ਼ੀ ਕਰ ਲਈ ਸੀ। ਬਖਸ਼ਿੰਦ ਕੌਰ ਦਾ ਪਤੀ ਹਰਜੀਤ ਸਿੰਘ ਸਾਲ 1995 ਤੋਂ ਦੁਬਈ 'ਚ ਕੰਮ ਕਰ ਰਿਹਾ ਹੈ। ਸਾਲ 1998 'ਚ ਹਰਜੀਤ ਤੇ ਬਖਸ਼ਿੰਦ ਦਾ ਵਿਆਹ ਹੋਇਆ ਸੀ। ਵਿਆਹ ਉਪਰੰਤ ਉਹ ਦੁਬਾਰਾ ਦੁਬਈ ਪਰਤ ਗਿਆ। ਉਸ ਪਿੱਛੋਂ ਹਰਜੀਤ ਦੋ ਢਾਈ ਸਾਲ ਪਿੱਛੋਂ ਪਿੰਡ ਆਉਂਦਾ ਸੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਹਰਜੀਤ ਬੀਤੇ ਕਾਫੀ ਸਮੇਂ ਤੋਂ ਪਤਨੀ ਬਖਸ਼ਿੰਦ ਕੌਰ ਨੂੰ ਪੁੱਛ ਰਿਹਾ ਸੀ ਕਿ ਉਸ ਨੇ 20-22 ਸਾਲਾਂ 'ਚ ਜੋ ਲੱਖਾਂ ਰੁਪਏ ਵਿਦੇਸ਼ ਤੋਂ ਭੇਜੇ ਉਨ੍ਹਾਂ ਦਾ ਹਿਸਾਬ ਦੇਵੇ। ਪੁਲਸ ਜਾਂਚ ਮੁਤਾਬਕ ਦੋਵਾਂ 'ਚ ਰੁਪਇਆਂ ਨੂੰ ਲੈ ਕੇ ਹੋਈ ਤਕਰਾਰ ਬਖਸ਼ਿੰਦ ਲਈ ਪਰੇਸ਼ਾਨੀ ਦਾ ਕਾਰਨ ਬਣੀ ਹੋਈ ਸੀ।

# ਤਿੱਬਤ ਬਾਰੇ ਸਲਾਹ ਲਈ ਦਲਾਈ ਲਾਮਾ ਵੱਲੋਂ ਨਹਿਰੂ ਦੀ ਤਾਰੀਫ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਤਿੱਬਤੀ ਧਰਮ ਗੁਰੂ ਦਲਾਈ ਲਾਮਾ ਨੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਚੀਨ ਨਾਲ ਗੱਲਬਾਤ ਜਾਰੀ ਰੱਖਣ ਦੀ ਸਲਾਹ ਲਈ ਕੱਲ੍ਹ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਚੀਨ ਨਾਲ ਤਿੱਬਤੀਆਂ ਦੇ ਸੰਘਰਸ਼ ਦੌਰਾਨ ਉਨ੍ਹਾਂ ਦੀ ਇਹ ਸਲਾਹ ਮਦਦਗਾਰ ਰਹੀ ਸੀ।

ਦਲਾਈ ਲਾਮਾ ਨੇ ਇਥੇ ਇਮੋਰੀ ਦੇ ਇੰਟਰਨੈਸ਼ਨਲ ਐੱਸ ਈ ਈ ਲਰਨਿੰਗ ਪ੍ਰੋਗਰਾਮ ਦੀ ਲਾਂਚਿੰਗ ਦੇ ਮੌਕੇ ਕਿਹਾ ਕਿ ਪੰਡਿਤ ਨਹਿਰੂ ਨੇ ਵਿਹਾਰਕ ਸਲਾਹ ਦਿੱਤੀ ਸੀ ਕਿ ਅਮਰੀਕੀ ਫੌਜ ਤਿੱਬਤ ਤੋਂ ਚੀਨੀਆਂ ਨੂੰ ਨਹੀਂ ਹਟਾਏਗੀ। ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਅੱਜ ਨਹੀਂ ਤਾਂ ਕੱਲ੍ਹ, ਤੁਹਾਨੂੰ ਚੀਨ ਦੀ ਸਰਕਾਰ ਨਾਲ ਗੱਲ ਕਰਨੀ ਪਏਗੀ। ਤਿੱਬਤ ਦੇ ਮਸਲੇ ਨੂੰ ਯੂ ਐੱਨ ਵਿੱਚ ਉਠਾਉਣ ਦਾ ਕੋਈ ਲਾਭ ਨਹੀਂ ਹੈ। ਪੰਡਿਤ ਨਹਿਰੂ ਦੀ ਸਲਾਹ ਮੰਨਦੇ ਹੋਏ ਅਸੀਂ 1974 ਵਿੱਚ ਆਜ਼ਾਦੀ ਦੀ ਮੰਗ ਛੱਡ ਦਿੱਤੀ। ਅਸੀਂ ਆਪਸੀ ਸਹਿਮਤੀ ਨਾਲ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਅਤੇ 1979 ਵਿੱਚ ਚੀਨ ਦੀ ਸਰਕਾਰ ਦੇ ਨਾਲ ਸਿੱਧੇ ਸੰਬੰਧ ਸਥਾਪਤ ਕੀਤੇ। ਤਿੱਬਤੀ ਧਰਮਗੁਰੂ ਨੇ ਬੀਤੇ ਸਾਲ ਅਗਸਤ ਵਿੱਚ ਪੰਡਿਤ ਨਹਿਰੂ 'ਤੇ ਸਵਾਰਥੀ ਹੋਣ ਦਾ ਦੋਸ਼ ਲਾਉਂਦੇ ਹੋਏ ਕਿਹਾ ਸੀ ਕਿ ਜੇ ਉਨ੍ਹਾਂ ਨੇ ਮਹਾਤਮਾ ਗਾਂਧੀ ਦੀ ਗੱਲ ਮੰਨ ਕੇ ਮੁਹੰਮਦ ਅਲੀ ਜਿੰਨਾਹ ਨੂੰ ਦੇਸ਼ ਦਾ ਪਹਿਲਾ ਪ੍ਰਧਾਨ ਮੰਤਰੀ ਬਣਨ ਦਿੱਤਾ ਹੁੰਦਾ ਤਾਂ ਭਾਰਤ ਤੇ ਪਾਕਿਸਤਾਨ ਕਦੇ ਅਲੱਗ ਨਾ ਹੁੰਦੇ। ਦੋ ਦਿਨ ਬਾਅਦ ਹੀ ਉਨ੍ਹਾਂ ਨੇ ਇਸ ਬਿਆਨ ਦੇ ਲਈ ਮੁਆਫੀ ਮੰਗ ਲਈ ਸੀ।






A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਫੌਜ ਦੇਸ਼ ਦੀ ਹੈ, ਮੋਦੀ ਦੀ ਨਹੀਂ

-ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ (ਰਿਟਾ.)

ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਬੀਤੀ 31 ਮਾਰਚ ਨੂੰ ਗਾਜ਼ੀਆਬਾਦ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸਾਡੀਆਂ ਹਥਿਆਰਬੰਦ ਫੌਜਾਂ ਵੱਲੋਂ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ 'ਤੇ ਕੀਤੇ ਸਟ੍ਰਾਈਕਸ ਦਾ ਜ਼ਿਕਰ ਕਰਦੇ ਹੋਏ ਦੇਸ਼ ਦੀ ਮਾਣਮੱਤੀ ਅਤੇ ਗੈਰ-ਸਿਆਸੀ ਫੌਜ ਨੂੰ 'ਮੋਦੀ ਜੀ ਦੀ ਸੈਨਾ' ਕਹਿ ਕੇ ਨਿੱਜੀ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਹੈ ਤੇ ਫੌਜ ਦਾ ਅਪਮਾਨ ਕੀਤਾ ਹੈ, ਜਿਸ ਦੀ ਨਿੰਦਾ ਕਰਨੀ ਬਣਦੀ ਹੈ। ਅਫਸੋਸ ਦੀ ਗੱਲ ਹੈ ਕਿ ਸੱਤਾ ਦੇ ਨਸ਼ੇ ਵਿੱਚ ਚੂਰ ਸਵਾਰਥੀ ਸਿਆਸਤਦਾਨਾਂ ਨੂੰ ਇਸ ਗੱਲ ਦਾ ਇਲਮ ਨਹੀਂ ਕਿ ਭਾਰਤੀ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਧਾਰਾ 246 ਹੇਠ ਸੰਵਿਧਾਨ ਦੇ ਆਦਰਸ਼ਾਂ ਦੀ ਪਾਲਣਾ ਕਰਦਿਆਂਜਿਹੜੀਆਂ ਜ਼ਿੰਮੇਵਾਰੀਆਂ ਫੌਜ ਨੂੰ ਸੌਂਪੀਆਂ ਗਈਆਂ ਹਨ, ਫੌਜ ਦਾ ਵਜੂਦ ਉਨ੍ਹਾਂ ਦੀ ਪੂਰਤੀ ਲਈ ਹੁੰਦਾ ਹੈ। ਜ਼ਿਕਰ ਯੋਗ ਹੈ ਕਿ ਹਥਿਆਰਬੰਦ ਫੌਜਾਂ ਦੇ ਸਰਬ ਉਚ ਕਮਾਂਡਰ ਸਾਡੇ ਦੇਸ਼ ਦੇ ਰਾਸ਼ਟਰਪਤੀ ਹਨ, ਨਾ ਕਿ ਕੋਈ ਫੜ੍ਹਮਾਰ ਸਿਆਸੀ



ਆਗੂ।

ਯਾਦ ਰਹੇ ਕਿ ਫੌਜ ਹੀ ਦੇਸ਼ ਦੀ ਸਭ ਤੋਂ ਵੱਡੀ ਗੈਰ ਸਿਆਸੀ, ਗੈਰ ਫਿਰਕੂ, ਸ਼ਕਤੀਸ਼ਾਲੀ ਆਚਰਣ, ਨਿਯਮਾਂ ਵਾਲੀ ਸੰਸਥਾ ਹੈ, ਜਿਸ ਵਿੱਚ ਦੇਸ਼ ਦੇ ਹਰ ਧਰਮ, ਵਰਗ, ਜਾਤ, ਮਤ ਅਤੇ ਵੱਖ-ਵੱਖ ਇਲਾਕਿਆਂ ਦੇ ਨਾਗਰਿਕਾਂ ਦਾਹੋਣਾ ਅਨੇਕਤਾ ਵਿੱਚ ਕੌਮੀ ਏਕਤਾ ਦੀ ਪ੍ਰਤੀਕ ਹੈ। ਫੌਜ ਹੀ ਇੱਕੋ-ਇੱਕ ਵੱਖਰੀ ਸਰਕਾਰੀ ਸੰਸਥਾ ਹੈ, ਜਿਸ ਦੇ ਜਵਾਨ ਜਾਂ ਮੁਲਾਜ਼ਮ ਸੰਵਿਧਾਨ ਦੀ ਸਹੁੰ ਚੁੱਕ ਕੇ ਦੇਸ਼ ਦੀ ਖਾਤਿਰ ਮਰ-ਮਿਟਣ ਦਾ ਜਜ਼ਬਾ ਰੱਖਦੇ ਹਨ, ਜਿਸ ਦਾ ਸਿਆਸੀਕਰਨ ਕਰਨਾ ਠੀਕ ਨਹੀਂ।ਹਥਿਆਰਬੰਦ ਫੌਜਾਂ ਦੇ ਸਿਆਸੀਕਰਨ ਰਾਹੀਂ ਵੋਟਾਂ ਬਟੋਰਨ ਵਾਲੇ ਮੁੱਦੇ ਬਾਰੇ ਉਂਝ ਤਾਂ ਫੌਜ ਦੇ ਉਚ ਅਧਿਕਾਰੀਆਂ ਦਾ ਫਰਜ਼ ਬਣਦਾ ਹੈ ਕਿ ਉਹ ਫੌਜ ਦੇ ਹਿੱਤ ਵਿੱਚ ਸਟੈਂਡ ਲੈਣ। ਅੰਦਰਖਾਤੇ ਉਹ ਦੱਬੇ-ਘੁੱਟੇ ਮਹਿਸੂਸ ਤਾਂ ਕਰਦੇ ਹਨ ਕਿ ਫੌਜ ਦਾ ਸਿਆਸੀਕਰਨ ਨਾ ਕੀਤਾ ਜਾਵੇ, ਪਰ ਉਨ੍ਹਾਂ ਨੂੰ ਸ਼ਾਇਦ ਚੋਗਾ ਪਾ ਦਿੱਤਾ ਜਾਂਦਾ ਹੈ ਤੇ ਉਹ ਇਸ ਮੁੱਦੇ 'ਤੇ ਬੋਲਦੇ ਨਹੀਂ। ਵਰਨਣ ਯੋਗ ਹੈ ਕਿ ਦੋ ਕੁ ਸਾਲ ਪਹਿਲਾਂ ਹਥਿਆਰਬੰਦ ਫੌਜਾਂ ਦੇ 10 ਸਾਬਕਾ ਮੁਖੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀਆਂ ਲਿਖ ਕੇ ਫੌਜ ਦੇ ਕਈ ਪਹਿਲੂਆਂ ਅਤੇ ਸੈਨਿਕ ਭਲਾਈ ਦੇ ਮੁੱਦਿਆਂ ਬਾਰੇ ਸੂਚਿਤ ਕੀਤਾ ਸੀ, ਪਰ ਮੋਦੀ ਨੇ ਉਨ੍ਹਾਂ ਚਿੱਠੀਆਂ ਦਾ ਜਵਾਬ ਤੱਕ ਨਹੀਂ ਦਿੱਤਾ।

ਖੈਰ, ਇੰਡੀਅਨ ਨੇਵੀ ਦੇ ਇੱਕ ਪਹਿਲੇ ਮੁਖੀ ਐਡਮਿਰਲ ਐਲ ਰਾਮਦਾਸ ਨੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਮਿਲਟਰੀ ਨਾਲ ਸੰਬੰਧਤ ਪਿਛਲੇ ਦਿਨੀਂ ਹੋਈਆਂ ਕਾਰਵਾਈਆਂ ਅਤੇ ਕਿਸੇ ਸਰਜੀਕਲ ਸਟਰਾਈਕ ਆਦਿ ਦੇ ਪ੍ਰਚਾਰ ਉੱਤੇ ਰੋਕ ਲਾਈ ਜਾਵੇ, ਤਾਂ ਕਿ ਕੋਈ ਵੀ ਪਾਰਟੀ ਵੋਟਰਾਂ ਨੂੰ ਭਰਮਾ ਨਾ ਸਕੇ। ਐਡਮਿਰਲ ਨੇ ਆਪਣੀ ਚਿੱਠੀ ਵਿੱਚ ਪੁਲਵਾਮਾ, ਬਾਲਾਕੋਟ ਅਤੇ ਹਵਾਈ ਫੌਜ ਦੇ ਚਰਚਿਤ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨਾਲ ਜੁੜੀਆਂ ਘਟਨਾਵਾਂ ਦਾ ਸਿਆਸੀ ਲਾਹਾ ਲੈਣ ਬਾਰੇ ਡੂੰਘੀ ਚਿੰਤਾ ਪ੍ਰਗਟਾਉਂਦਿਆਂ ਲਿਖਿਆ ਕਿ 'ਹਥਿਆਰਬੰਦ ਫੌਜਾਂ ਨੂੰ ਇਸ ਗੱਲ ਦਾ ਮਾਣ ਹਾਸਲ ਹੈ ਕਿ ਉਹ ਗੈਰ-ਸਿਆਸੀ ਹਨ ਤੇ ਧਰਮ ਨਿਰੱਪਖਤਾ, ਗੈਰ-ਫਿਰਕੂ ਤੇ ਲੋਕਾਚਾਰ ਵਾਲੀ ਸੰਸਥਾ ਨਾਲ ਜੁੜੀਆਂ ਹਨ।''ਭਾਰਤੀ ਚੋਣ ਕਮਿਸ਼ਨ ਨੇ ਐਡਮਿਰਲ ਦੀ ਚਿੱਠੀ ਉਤੇ ਕਾਰਵਾਈ ਕਰਦਿਆਂ ਦੇਸ਼ ਦੀਆਂ ਸਾਰੀਆਂ ਕੌਮੀ ਅਤੇ ਖੇਤਰੀ ਸਿਆਸੀ ਪਾਰਟੀਆਂ ਨੂੰ ਐਡਵਾਈਜ਼ਰੀ ਜਾਰੀ ਕੀਤੀ ਕਿ ਉਹ ਚੋਣ ਪ੍ਰਚਾਰ ਵੇਲੇ ਇਸ਼ਤਿਹਾਰਾਂ 'ਚ ਜਾਂ ਹੋਰ ਕਿਸੇ ਵੀ ਤਰ੍ਹਾਂ ਹਥਿਆਰਬੰਦ ਫੌਜਾਂ ਦੀਆਂ ਤਸਵੀਰਾਂ ਆਦਿ ਦਾ ਨਾਂਅ ਵਰਤ ਕੇ ਫੌਜ ਦਾ ਸਿਆਸੀਕਰਨ ਨਾ ਕਰਨ ਤੇ ਸ਼ੋਹਰਤ ਖੱਟਣ ਤੋਂ ਸੰਕੋਚ ਕਰਨ।


ਇਹ ਪਹਿਲੀ ਵਾਰ ਨਹੀਂ, ਜਦੋਂ ਫੌਜ ਦੀ ਬਹਾਦਰੀ ਦਾ ਸਿਆਸੀ ਲਾਹਾ ਲੈਣ ਦੇ ਯਤਨ ਗਏ ਹੋਣ। ਪਿਛਲੇ ਸਾਲ ਦਸੰਬਰ ਵਿੱਚ ਚੰਡੀਗੜ੍ਹ ਵਿਖੇ ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਦੇਖ ਰੇਖ ਹੇਠ ਮਿਲਟਰੀ ਲਿਟਰੇਚਰ ਫੈਸਟੀਵਲ ਦੌਰਾਨ ਦੇਸ਼-ਵਿਦੇਸ਼ ਤੋਂ ਉਘੇ ਮਾਹਰਾਂ, ਇਤਿਹਾਸਕਾਰਾਂ ਅਤੇ ਫੌਜੀ ਜਰਨੈਲਾਂ ਨੇ ਸਰਜੀਕਲ ਸਟ੍ਰਾਈਕ-2016 ਅਤੇ ਉਸ ਤੋਂ ਬਾਅਦ ਹੋਏ ਫੌਜੀ ਆਪ੍ਰੇਸ਼ਨਾਂ ਨੂੰ ਜਨਤਕ ਕਰਨ ਦੇ ਮੁੱਦੇ ਦਾ ਸਿਆਸੀ ਲਾਹਾ ਲੈਣ ਤੋਂ ਚਿੰਤਾ ਪ੍ਰਗਟਾਈ ਸੀ। ਫਰਵਰੀ 2019 ਵਿੱਚ ਬਾਲਾਕੋਟ (ਪਾਕਿਸਤਾਨ) 'ਤੇ ਏਅਰ ਸਟਰਾਈਕ ਵਿੱਚ ਮਾਰੇ ਗਏ ਅੱਤਵਾਦੀਆਂ ਦੀ ਗਿਣਤੀ ਬਾਰੇ ਸਿਆਸਤ ਗਰਮਾ ਗਈ ਤਾਂ ਭਾਜਪਾ ਨੇਤਾ ਯੇਦੀਯੁਰੱਪਾ ਨੇ ਬਿਆਨ ਦੇ ਦਿੱਤਾ ਕਿ ਏਅਰ ਸਟ੍ਰਾਈਕ ਕਾਰਨ ਪਾਰਟੀ ਸੂਬੇ ਦੀਆਂ 28 ਸੀਟਾਂ 'ਚੋਂ 22 ਜਿੱਤੇਗੀ। ਤਾਮਿਲ ਨਾਡੂ ਦੇ ਮੁੱਖ ਮੰਤਰੀ ਨੇ ਜਨਤਕ ਤੌਰ 'ਤੇ ਵਕਾਲਤ ਕੀਤੀ ਕਿ ਵਿੰਗ ਕਮਾਂਡਰ ਅਭਿਨੰਦਨ ਨੂੰ 'ਪਰਮਵੀਰ ਚੱਕਰ' ਨਾਲ ਸਨਮਾਨਿਤ ਕੀਤਾ ਜਾਵੇ।

ਕੀ ਇਹ ਸਭ ਫੌਜ ਦਾ ਸਿਆਸੀਕਰਨ ਕਰਨ ਦੀ ਕੋਸ਼ਿਸ਼ ਨਹੀਂ? ਇਨ੍ਹਾਂ ਰਾਜਸੀ ਨੇਤਾਵਾਂ ਨੂੰ ਚਾਹੀਦਾ ਹੈ ਕਿ ਫੌਜ ਦੇ ਮਾਮਲੇ ਵਿੱਚ ਦਖਲ ਦੇਣਾ ਬੰਦ ਕਰ ਕੇ ਗਰੀਬੀ, ਬੇਰੋਜ਼ਗਾਰੀ, ਕਿਸਾਨਾਂ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਦੂਰ ਕਰਨ ਵੱਲ ਧਿਆਨ ਦੇਣ। ਫੌਜ ਇਸ ਦੇਸ਼ ਦਾ ਮਾਣ ਤੇ ਸਭ ਤੋਂ ਵੱਧ ਕਾਰਗਰ ਹਥਿਆਰ ਹੈ। ਹਥਿਆਰਬੰਦ ਫੌਜਾਂ ਦੇ ਸਰਬ ਉਚ ਕਮਾਂਡਰ ਰਾਸ਼ਟਰਪਤੀ ਨੂੰ ਫੌਜ ਦੇ ਸਿਆਸੀਕਰਨ ਨੂੰ ਠੱਲ੍ਹ ਪਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ।

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਗਿਆਨ ਗੰਗਾ
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

Real Estate Exam Prep
ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ
The Rules are changing For Real Estate Licence
It will become a Full Time College course soon!
To Avoid going to college for 2-3 Years, Join Now
Call: 647-625-7961
Pass each exam in just 2 weeks
◦Easy to Understand Material
◦Important Practice Questions
◦Limited Summarized Material
REAL ESTATE EXAM!
2250 Bovaird Dr E, Unit#407, Medical Building
Behind RBC, Sunny Meadow/Bovaird

# ਚੋਣਾਂ ਦੀ ਚਿੰਤਾ ਸਭ ਨੂੰ, ਪਰ ਓਦੋਂ ਬਾਅਦ ਦੀ ਚਿੰਤਾ ਕਿਸ ਨੂੰ ਹੈ?



ਜਤਿੰਦਰ ਪੰਨੂ

ਇਸ ਵਾਰ ਦੀ ਪਾਰਲੀਮੈਂਟ ਚੋਣ ਦੀਆਂ ਵੋਟਾਂ ਪੈਣ ਵਾਲਾ ਅਜੇ ਪਹਿਲਾ ਗੇੜ ਵੀ ਨਹੀਂ ਆਇਆ ਕਿ ਉਨ੍ਹਾਂ ਚੋਣਾਂ ਤੋਂ ਬਾਅਦ ਦੇ ਭਾਰਤ ਦੀ ਅਸਲੋਂ ਵੱਖਰੀ ਦਿੱਖ ਦੇ ਕਿਆਸ ਲੱਗਣੇ ਸ਼ੁਰੂ ਹੋ ਗਏ ਹਨ। ਸੰਕੇਤ ਵੀ ਬਹੁਤ ਸਾਰੇ ਸਾਫ ਮਿਲ ਰਹੇ ਹਨ। ਜਿਹੜਾ ਧਮੱਚੜ ਉਸ ਤੋਂ ਬਾਅਦ ਪੈ ਸਕਦਾ ਹੈ, ਉਸ ਦੀ ਵੰਨਗੀ ਪੇਸ਼ ਹੋਣ ਲੱਗ ਪਈ ਹੈ। ਸਾਡੇ ਪੰਜਾਬ ਦੀ ਰਾਜਨੀਤੀ ਇਸ ਤੋਂ ਏਨੀ ਨਿਰਲੇਪ ਤੇ ਇਸ ਤਰ੍ਹਾਂ ਚੱਲ ਰਹੀ ਹੈ, ਜਿਵੇਂ ਕਿਸੇ ਨੂੰ ਕੋਈ ਚਿੰਤਾ ਹੀ ਨਾ ਹੋਵੇ।

ਸੱਚਮੁੱਚ ਪੰਜਾਬ ਦੀ ਸਥਿਤੀ ਵੇਖ ਕੇ ਸਾਨੂੰ ਕੋਈ ਹੈਰਾਨੀ ਨਹੀਂ ਹੋਈ। ਕਾਂਗਰਸ ਪਾਰਟੀ ਦੇ ਆਗੂ ਸੀਟਾਂ ਦੀ ਵੰਡ ਕਾਰਨ ਇਸ ਹਾਲ ਨੂੰ ਪਹੁੰਚੇ ਹੋਏ ਹਨ ਕਿ ਹਾਈ ਕਮਾਂਡ ਦੇ ਖਾਸ ਗਿਣੇ ਜਾਣ ਵਾਲੇ ਸੱਜਣ ਵੀ ਪੰਜਾਬ ਵਿੱਚ ਪਾਰਟੀ ਦੇ ਜੜ੍ਹੀਂ ਤੇਲ ਦੇਣ ਲੱਗੇ ਹੋਏ ਸੁਣੀਂਦੇ ਹਨ। ਇਸ ਚੱਕਰ ਵਿੱਚ ਕੇਂਦਰੀ ਕਮਾਂਡ ਦਾ ਵੀ ਨੁਕਸਾਨ ਹੋਈ ਜਾਂਦਾ ਹੈ। ਜਿਸ ਕਿਸੇ ਦੀ ਟਿਕਟ ਕੱਟੀ ਜਾਵੇ, ਉਹ ਰਾਤੋ-ਰਾਤ ਬੋਲੀ ਬਦਲ ਕੇ ਅਕਾਲੀ ਦਲ ਜਾਂ ਭਾਜਪਾ ਨਾਲ ਜੁੜਨ ਦੀਆਂ ਗੱਲਾਂ ਕਹਿਣ ਲੱਗ ਪੈਂਦਾ ਹੈ ਤੇ ਇਹ ਗੱਲ ਭੁੱਲ ਜਾਂਦਾ ਹੈ ਕਿ ਹਾਲੇ ਹਫਤਾ ਪਹਿਲਾਂ ਤੱਕ ਉਹ ਇਨ੍ਹਾ ਦੋਵਾਂ ਧਿਰਾਂ ਨੂੰ ਫਿਰਕੂ ਦੱਸ ਕੇ ਕੋਸਦਾ ਸੁਣਿਆ ਗਿਆ ਸੀ। ਆਮ ਆਦਮੀ ਪਾਰਟੀ ਨੂੰ ਕਿਸੇ ਸਮੇਂ ਪੰਜਾਬ ਦੇ ਲੋਕਾਂ ਨੇ ਵੱਡਾ ਹੁੰਗਾਰਾ ਦਿੱਤਾ ਸੀ। ਦੋ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਵੇਲੇ ਜਦੋਂ ਅਸੀਂ ਇਹ ਕਿਹਾ ਕਿ ਇਹ ਕਮਲਿਆਂ ਦਾ ਟੋਲਾ ਪਾਰ ਲੱਗਣ ਵਾਲਾ ਨਹੀਂ ਤਾਂ ਬਹੁਤ ਸਾਰੇ ਆਪਣੇ-ਪਰਾਏ ਸਾਨੂੰ ਗਾਲ੍ਹਾਂ ਕੱਢਣ ਤੱਕ ਚਲੇ ਗਏ ਸਨ। ਬਾਅਦ ਵਿੱਚ ਉਹ ਟੋਲਾ ਜਿਵੇਂ ਪਾਟਾ ਅਤੇ ਖਹਿਰਾ ਧੜਾ ਵੱਖਰਾ ਹੋਣ ਪਿੱਛੋਂ ਬਹੁਤੇ ਥਾਂਈਂ ਇੱਕ ਦੂਸਰੇ ਨਾਲ ਜਿਵੇਂ ਆਢਾ ਲੱਗ ਪਿਆ, ਉਸ ਨੇ ਸਾਬਤ ਕਰ ਦਿੱਤਾ ਕਿ ਕਿਸੇ ਇੱਕਸੁਰਤਾ ਵਾਲੀ ਸਿਆਸਤ ਤੋਂ ਸੱਖਣਾ ਇਹ ਟੋਲਾ ਲੰਮਾ ਸਮਾਂ ਨਿਭਣ ਵਾਲਾ ਨਹੀਂ ਸੀ ਤੇ ਇਹੋ ਕੁਝ ਹੋ ਰਿਹਾ ਹੈ।

ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਫਿਰ ਕਹਿਣ ਲੱਗ ਪਿਆ ਹੈ ਕਿ ਇਸ ਵਾਰ ਭਾਜਪਾ ਜਦੋਂ ਕੇਂਦਰ ਵਿੱਚ ਸਰਕਾਰ ਬਣਾਵੇਗੀ ਤਾਂ ਓਥੋਂ ਪੰਜਾਬ ਲਈ ਨੋਟਾਂ ਦੀਆਂ ਟਰਾਲੀਆਂ ਭਰ-ਭਰ ਆਉਣਗੀਆਂ। ਪਿਛਲੀ ਵਾਰ ਅਕਾਲੀ ਆਗੂਆਂ ਨੇ ਕਿਹਾ ਸੀ ਕਿ ਅਰੁਣ ਜੇਤਲੀ ਖਜ਼ਾਨਾ ਮੰਤਰੀ ਬਣ ਕੇ ਪੰਜਾਬ ਵਾਸਤੇ ਨੋਟਾਂ ਦੇ ਟਰੰਕ ਭੇਜੇਗਾ, ਪਰ ਅਣਪੜ੍ਹ ਅਕਾਲੀ ਜਥੇਦਾਰਾਂ ਨੇ ਟਰੰਕ ਦੀ ਟਿੱਪੀ ਪਲਟ ਕੇ ਇਹ ਕਹਿਣਾ ਆਰੰਭ ਕਰ ਦਿੱਤਾ ਸੀ ਕਿ ਅਰੁਣ ਜੇਤਲੀ ਨੋਟਾਂ ਦੇ ਟਰੱਕ ਭੇਜੇਗਾ। ਹਾਲੇ ਦੋ ਮਹੀਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਬਣੀ ਨੂੰ ਹੋਏ ਸਨ ਕਿ ਉਨ੍ਹਾਂ ਨੇ ਹੋਰ ਨੋਟ ਭੇਜਣਾ ਭੁਲਾ ਕੇ ਪਿਛਲੀ ਮਨਮੋਹਨ ਸਿੰਘ ਦੀ ਸਰਕਾਰ ਵੱਲੋਂ ਦਿੱਤੇ ਪੈਸਿਆਂ ਦਾ ਹਿਸਾਬ ਮੰਗ ਲਿਆ ਸੀ ਤੇ ਵਿਧਾਨ ਸਭਾ ਦੇ ਸੈਸ਼ਨ ਵਿੱਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਅੱਜ ਮਨਮੋਹਨ ਸਿੰਘ ਸਰਕਾਰ ਹੁੰਦੀ ਤਾਂ ਸਾਡੇ ਨਾਲ ਏਦਾਂ ਨਾ ਹੁੰਦੀ। ਫਿਰ ਵੀ ਇਸ ਵਾਰੀ ਦਾ ਚੋਣ ਪ੍ਰਚਾਰ ਸ਼ੁਰੂ ਹੁੰਦਿਆਂ ਸਾਰ ਸੁਖਬੀਰ ਸਿੰਘ ਬਾਦਲ ਨੇ ਇਹ ਸ਼ੋਸ਼ਾ ਛੱਡ ਦਿੱਤਾ ਹੈ ਕਿ ਨਰਿੰਦਰ ਮੋਦੀ ਸਰਕਾਰ ਦੋਬਾਰਾ ਬਣੀ ਤਾਂ ਪੰਜਾਬ ਨੂੰ ਨੋਟਾਂ ਦੀਆਂ ਟਰਾਲੀਆਂ ਆਉਣਗੀਆਂ। ਮੁਕਤਸਰ ਨੇੜੇ ਕਿਸੇ ਦਾਣਾ ਮੰਡੀ ਦਾ ਫੜ੍ਹ ਖਾਲੀ ਕਰਵਾ ਲੈਣਾ ਚਾਹੀਦਾ ਹੈ, ਤਾਂ ਕਿ ਟਰਾਲੀਆਂ ਲਾਹੁਣ ਵਿੱਚ ਦਿੱਕਤ ਨਾ ਆਵੇ, ਪਰ ਪੰਜਾਬ ਨੂੰ ਜਿੰਨੇ ਟਰੱਕ ਨੋਟਾਂ ਦੇ ਪਹਿਲਾਂ ਮਿਲੇ ਸਨ, ਇਸ ਵਾਰੀ ਸ਼ਾਇਦ ਉਹ ਵੀ ਮਿਲਣ ਦੀ ਬਹੁਤੀ ਝਾਕ ਨਹੀਂ ਰਹਿ ਜਾਣੀ।




ਬਹੁਤੀ ਚਿੰਤਾ ਦਾ ਵਿਸ਼ਾ ਦੇਸ਼ ਪੱਧਰ ਦੀ ਸਿਆਸੀ ਸਥਿਤੀ ਹੈ, ਜਿਸ ਵਿੱਚ ਭਾਜਪਾ ਦੇ ਮੁੱਢ ਬੰਨ੍ਹਣ ਵਾਲੇ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਜਾਂ ਸ਼ਾਂਤਾ ਕੁਮਾਰ ਆਦਿ ਨਾਲ ਇਸ ਵੇਲੇ ਜੋ ਬੀਤ ਰਹੀ ਹੈ, ਉਹ ਕਿਸੇ ਚਰਚਾ ਦੀ ਮੁਥਾਜ ਨਹੀਂ। ਦੂਸਰੇ ਪਾਸੇ ਕੇਂਦਰ ਸਰਕਾਰ ਦੀ ਅਗਵਾਈ ਕਰ ਰਹੀ ਭਾਜਪਾ ਦੇ ਵਿਰੋਧ ਦੀਆਂ ਧਿਰਾਂ ਉੱਤੇ ਜਿੰਨਾ ਤਿੱਖਾ ਹਮਲਾ ਹੋ ਰਿਹਾ ਹੈ, ਜਿਵੇਂ ਵਿਰੋਧ ਕਰਨ ਵਾਲੇ ਹਰ ਆਗੂ ਉੱਤੇ ਦੇਸ਼-ਧਰੋਹੀ ਦਾ ਠੱਪਾ ਲਾਇਆ ਜਾਂਦਾ ਹੈ, ਗੱਲ ਉਸ ਤੋਂ ਅੱਗੇ ਵਧੀ ਜਾ ਰਹੀ ਹੈ। ਅੱਜ ਤੱਕ ਕਦੇ ਇਸ ਦੇਸ਼ ਵਿੱਚ ਵਿਰੋਧੀ ਧਿਰ ਦੀਆਂ ਮੀਟਿੰਗਾਂ ਵਿੱਚ ਰਾਜ ਕਰਦੀ ਧਿਰ ਦੇ ਬੰਦਿਆਂ ਨੇ ਸ਼ਾਮਲ ਹੋ ਕੇ ਉਨ੍ਹਾਂ ਦੇ ਖਿਲਾਫ ਨਾਅਰੇਬਾਜ਼ੀ ਕਰਨ ਦਾ ਕੰਮ ਨਹੀਂ ਸੀ ਕੀਤਾ, ਪਰ ਇਸ ਵਾਰ ਇਹ ਕੁਝ ਵੀ ਹੋ ਗਿਆ ਹੈ। ਰਾਹੁਲ ਗਾਂਧੀ ਦੀਆਂ ਦੋ ਬੈਠਕਾਂ ਵਿੱਚ ਭਾਜਪਾ ਸਮੱਰਥਕ ਮੋਦੀ-ਮੋਦੀ ਦਾ ਰਾਗ ਅਲਾਪਦੇ ਰਹੇ ਤੇ ਉਸ ਦਾ ਭਾਸ਼ਣ ਇੱਕ ਤਰ੍ਹਾਂ ਇਸ ਰਾਗ ਦੀ ਮੁਹਾਰਨੀ ਹੇਠ ਦੱਬਣ ਦਾ ਯਤਨ ਕੀਤਾ ਗਿਆ ਹੈ। ਵਿਰੋਧ ਦੀਆਂ ਪਾਰਟੀਆਂ ਦੇ ਚੋਣ ਪ੍ਰੋਗਰਾਮਾਂ ਵਿੱਚ ਵੜ ਕੇ ਕੀਤੀ ਜਾ ਰਹੀ ਇਸ ਸਿਆਸੀ ਸਟਰਾਈਕ ਤੋਂ ਹੈਰਾਨੀ ਪੈਦਾ ਹੋਣਾ ਸੁਭਾਵਕ ਹੈ ਤੇ ਇਹ ਭਾਰਤ ਦੇ ਭਵਿੱਖ ਬਾਰੇ ਕਿਸੇ ਖਾਸ ਤਰ੍ਹਾਂ ਦੇ ਸੰਕੇਤ ਦੇਣ ਵਾਲਾ ਵੀ ਹੈ।

ਇਸ ਤੋਂ ਵੱਧ ਮਾੜੇ ਸੰਕੇਤ ਸੰਸਾਰ ਦੀ ਕੂਟਨੀਤੀ ਓਹਲੇ ਲੜੀ ਜਾ ਰਹੀ ਇੱਕ ਖਾਸ ਜੰਗ ਬਾਰੇ ਮਿਲ ਰਹੇ ਹਨ ਤੇ ਉਹ ਸੰਕੇਤ ਅਣਗੌਲੇ ਕੀਤੇ ਜਾ ਰਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੂਝ ਤੋਂ ਸੱਖਣਾ ਨਹੀਂ ਮੰਨਣਾ ਚਾਹੀਦਾ, ਉਹ ਬੜੀ ਚਾਤਰ ਚਾਲ ਚੱਲ ਕੇ ਆਪਣੇ ਦੇਸ਼ ਦੀ ਚਿਰਾਂ ਤੋਂ ਲੜੀ ਜਾ ਰਹੀ ਲੜਾਈ ਨੂੰ ਭਾਰਤ ਵਰਗੇ ਦੇਸ਼ ਦੀ ਲੀਡਰਸ਼ਿਪ ਤੇ ਭਾਰਤੀ ਲੋਕਾਂ ਦੇ ਸਿਰ ਲੱਦੀ ਜਾ ਰਿਹਾ ਹੈ। ਹਾਲੇ ਤੱਕ ਅਮਰੀਕਾ ਜਾਂ ਉਸ ਧੜੇ ਦੇ ਦੇਸ਼ਾਂ ਦੀਆਂ ਸਰਕਾਰਾਂ ਦੀ ਭਾਰਤ ਵੱਲ ਪਹੁੰਚ ਵਿੱਚ ਜ਼ਰਾ ਕੁ ਲਚਕ ਦਿਖਾਈ ਦੇਂਦੀ ਸੀ ਤਾਂ ਕਿਹਾ ਜਾਂਦਾ ਸੀ ਕਿ ਉਹ ਭਾਰਤ ਵੱਲ ਨਹੀਂ, ਭਾਰਤ ਦੇ ਨਾਗਰਿਕਾਂ ਦੇ ਰੂਪ ਵਿੱਚ ਦਿੱਸਦੇ ਇੱਕ ਸੌ ਕਰੋੜ ਤੋਂ ਵੱਧ ਗ੍ਰਾਹਕਾਂ ਵੱਲ ਝਾਕ ਰਹੇ ਹਨ। ਇਸ ਵਕਤ ਇਸ ਤੋਂ ਵੱਖਰੀ ਗੱਲ ਇਹ ਹੈ ਕਿ ਜਿਨ੍ਹਾਂ ਦੇਸ਼ਾਂ ਦੀ ਪਿੱਠ ਉੱਤੇ ਅਮਰੀਕੀ ਸਰਕਾਰ ਰਾਸ਼ਟਰਪਤੀ ਹੈਰੀ ਟਰੂਮੈਨ ਅਤੇ ਆਈਜ਼ਨਹਾਵਰ ਦੇ ਸਮੇਂ ਤੋਂ ਖੜੋਂਦੀ ਤੇ ਭਾਰਤ ਦਾ ਵਿਰੋਧ ਕਰਦੀ ਆਈ ਸੀ, ਉਨ੍ਹਾਂ ਤੋਂ ਪਾਸਾ ਵੱਟ ਕੇ ਅਚਾਨਕ ਭਾਰਤ ਦੇ ਪੱਖ ਵਿੱਚ ਇਸ ਤਰ੍ਹਾਂ ਦਾ ਪੈਂਤੜਾ ਲੈਣਾ ਸ਼ੁਰੂ ਕਰ ਦਿੱਤਾ ਹੈ ਕਿ ਅਸੀਂ ਭਾਰਤੀ ਲੋਕ ਬਾਗੋ-ਬਾਗ ਹੋਈ ਜਾਂਦੇ ਹਾਂ।

ਸਾਨੂੰ ਇਹ ਗੱਲ ਯਾਦ ਨਹੀਂ ਰਹੀ ਕਿ ਜਿਵੇਂ ਪਹਿਲਾਂ ਇਨ੍ਹਾਂ ਦੇਸ਼ਾਂ ਦਾ ਹੇਜ ਭਾਰਤ ਨਾਲ ਜਦੋਂ ਵੀ ਜ਼ਾਹਰ ਹੁੰਦਾ ਤਾਂ ਓਦੋਂ ਭਾਰਤ ਨਾਲ ਨਹੀਂ, ਭਾਰਤੀ ਨਾਗਰਿਕ ਵਜੋਂ ਇੱਕ ਸੌ ਕਰੋੜ ਤੋਂ ਵੱਧ ਗ੍ਰਾਹਕਾਂ ਨਾਲ ਹੁੰਦਾ ਸੀ, ਉਵੇਂ ਹੀ ਅੱਜ ਵਾਲਾ ਪੈਂਤੜਾ ਵੀ ਭਾਰਤ ਵਾਸਤੇ ਨਹੀਂ, ਭਾਰਤ ਦੇ ਨਾਗਰਿਕਾਂ ਦੇ ਰੂਪ ਵਿੱਚ ਵਿੱਚ ਇੱਕ ਸੌ ਤੀਹ ਕਰੋੜ ਲੋਕਾਂ ਦੀ ਫੌਜ ਲਈ ਹੋ ਸਕਦਾ ਹੈ। ਜਿਹੜੀ ਮਹਾਂ ਸ਼ਕਤੀ ਵੀਹ ਤੋਂ ਵੱਧ ਸਾਲਾਂ ਤੋਂ ਇਸਲਾਮਿਕ ਦਹਿਸ਼ਤਗਰਦੀ ਨਾਲ ਕਦੀ ਅਫਗਾਨਿਸਤਾਨ ਤੇ ਕਦੀ ਇਰਾਕ ਵਿੱਚ ਸਿੰਗ ਫਸਾਈ ਰੱਖਦੀ ਸੀ ਤੇ ਪਾਕਿਸਤਾਨ ਵਰਗੇ ਦੇਸ਼ ਨੂੰ ਮਾਇਕ ਮਦਦ ਦੇ ਕੇ ਵੀ ਉਸ ਦੀ ਦੋਗਲੀ ਨੀਤੀ ਦਾ ਨੁਕਸਾਨ ਝੱਲੀ ਜਾਂਦੀ ਸੀ, ਉਸ ਦੀ ਨੀਤੀ ਦਾ ਇਹ ਮੋੜਾ ਭਾਰਤ ਵੱਲ ਅਚਾਨਕ ਤੇ ਬਿਨਾਂ ਵਜ੍ਹਾ ਨਹੀਂ ਪਿਆ ਹੋ ਸਕਦਾ। ਪਾਕਿਸਤਾਨ ਪੈਸੇ ਵੀ ਲੈਂਦਾ ਸੀ, ਆਪਣੇ ਹਵਾਈ ਅੱਡੇ ਵੀ ਅਫਗਾਨਿਸਤਾਨ ਦੀ ਜੰਗ ਲਈ ਅਮਰੀਕਾ ਨੂੰ ਦੇ ਦੇਂਦਾ ਸੀ, ਪਰ ਅਮਰੀਕਾ ਦੇ ਦੁਸ਼ਮਣਾਂ ਓਸਾਮਾ ਬਿਨ ਲਾਦੇਨ ਤੇ ਮੁੱਲਾ ਉਮਰ ਨੂੰ ਆਪਣੀਆਂ ਫੌਜੀ ਛਾਉਣੀਆਂ ਵਿੱਚ ਰੱਖ ਕੇ ਅਮਰੀਕਾ ਦੀ ਨੀਂਦ ਉਡਾ ਛੱਡਦਾ ਸੀ। ਭਾਰਤੀ ਆਗੂ ਏਦਾਂ ਦੀ ਦੋਹਰੀ ਖੇਡ ਨਹੀਂ ਖੇਡਣਗੇ। ਇਸਲਾਮੀ ਅੱਤਵਾਦ ਦੇ ਵਿਰੋਧ ਵਿੱਚ ਉਹ ਅਮਰੀਕਾ ਦੀ ਇਸ ਜੰਗ ਨੂੰ ਆਪਣੀ ਸਦੀਆਂ ਦੀ ਪੁਰਾਣੀ ਲੜਾਈ ਮੰਨ ਕੇ ਸਾਰਾ ਜ਼ਿੰਮਾ ਆਪਣੇ ਸਿਰ ਲੈਣ ਵੇਲੇ ਇੱਕ ਪਲ ਵੀ ਗੁਆਉਣ ਦੀ ਥਾਂ ਸਗੋਂ ਇਸ ਵਿੱਚ ਮਾਣ ਮਹਿਸੂਸ ਕਰਨਗੇ।

ਜਦੋਂ ਭਵਿੱਖ ਵਿੱਚ ਇਸ ਕਿਸਮ ਦੀ ਸਥਿਤੀ ਸਚਮੁੱਚ ਪੈਦਾ ਹੋਵੇਗੀ, ਜਿਸ ਦੇ ਸੰਕੇਤ ਅੱਜ ਮਿਲਦੇ ਪਏ ਹਨ ਤਾਂ ਫਿਰ ਕੀ ਹੋਵੇਗਾ, ਪੰਜਾਬ ਦੀ ਰਾਜਨੀਤੀ ਵਾਲੇ ਮੰਚ ਦੇ ਕਿਸੇ ਵੀ ਪਾਤਰ ਦੇ ਮਨ ਵਿੱਚ ਇਹ ਗੱਲ ਹੋਣ ਦਾ ਕੋਈ ਸੰਕੇਤ ਕਿਤੋਂ ਨਹੀਂ ਮਿਲਦਾ। ਇਨ੍ਹਾਂ ਸਭਨਾਂ ਵਿੱਚੋਂ ਕੋਈ ਵੀ ਨੱਕ ਤੋਂ ਅੱਗੇ ਸੋਚਣ ਵਾਲਾ ਨਹੀਂ ਲੱਭਦਾ। ਆਪੋ-ਆਪਣੀ ਸੀਟ ਦੀ ਚਿੰਤਾ ਤੇ ਪਰਵਾਰ ਦੀ ਚਿੰਤਾ ਹੈ, ਪਰ ਭਾਰਤ ਦੀ ਚਿੰਤਾ ਗਾਇਬ ਹੈ। ਜਦੋਂ ਅਸੀਂ ਭਾਰਤ ਦੀ ਚਿੰਤਾ ਦੇ ਸਿਰਾਂ ਤੋਂ ਗਾਇਬ ਹੋਣ ਦੀ ਗੱਲ ਕਰਦੇ ਹਾਂ ਤਾਂ ਇਹ ਚਿੰਤਾ ਇੱਕ ਦੇਸ਼ ਬਾਰੇ ਨਹੀਂ, ਦੇਸ਼ ਦੇ ਇੱਕ ਸੌ ਤੀਹ ਕਰੋੜ ਤੋਂ ਵੱਧ ਭਾਰਤੀ ਲੋਕਾਂ ਦੇ ਉਸ ਭਵਿੱਖ ਬਾਰੇ ਹੋਣ ਦੀ ਗੱਲ ਕਰਦੇ ਹਾਂ, ਜਿਸ ਬਾਰੇ ਸੋਚਣ ਦੀ ਚੋਣਾਂ ਦੌਰਾਨ ਕਿਸੇ ਕੋਲ ਵਿਹਲ ਹੀ ਨਹੀਂ।

# ਗੁਜਰਾਤ ਦੇ ਪੰਜਾਬੀਆਂ ਦਾ ਦਰਦ : ਕੀ ਕੋਈ ਸਾਰ ਲਵੇਗਾ?



ਜਸਵੰਤ ਸਿੰਘ 'ਅਜੀਤ'

ਦੋ ਦਹਾਕਿਆਂ ਤੋਂ ਵੀ ਕਿਤੇ ਵੱਧ ਸਮੇਂ ਸਿਰ 'ਤੇ ਲਟਕ ਰਹੀ ਉਜਾੜੇ ਦੀ ਤਲਵਾਰ ਤੋਂ ਸਹਿਮੇ ਚਲੇ ਆ ਰਹੇ, ਗੁਜਰਾਤ ਵਿੱਚ ਵਸਦੇ ਪੰਜਾਬੀ ਕਿਸਾਨਾਂ, ਜਿਨ੍ਹਾਂ ਵਿੱਚ ਬਹੁਤੀ ਗਿਣਤੀ ਸਿੱਖਾਂ ਦੀ ਹੈ, ਦਾ ਦਰਦ ਉਸ ਸਮੇਂ ਫੁਟ ਬਾਹਰ ਆ ਗਿਆ, ਜਦੋਂ ਉਨ੍ਹਾਂ ਵੇਖਿਆ ਕਿ ਸੰਸਾਰ ਭਰ ਵਿੱਚ ਵਸਦੇ ਸਿੱਖਾਂ ਸਹਿਤ ਸਮੁਚੇ ਪੰਜਾਬੀਆਂ ਦੇ ਹਿਤਾਂ-ਅਧਿਕਾਰਾਂ ਦੀ ਰਖਿਆ ਕਰਨ ਦੇ ਦਾਅਵੇਦਾਰ ਚਲੇ ਆ ਰਹੇ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਆਪਣੇ ਗੁਜਰਾਤ ਦੌਰੇ ਦੌਰਾਨ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੂੰ ਜਿਤ ਦਾ ਅਸ਼ੀਰਵਾਦ ਦੇ, ਰਾਜ ਵਿੱਚ ਵਸਦੇ ਪੰਜਾਬੀਆਂ ਦਾ ਦੁਖ-ਦਰਦ ਵੇਖੇ-ਸੁਣੇ ਬਿਨਾ ਹੀ ਵਾਪਸ ਮੁੜ ਗਏ। ਉਹ ਉਨ੍ਹਾਂ ਦੇ ਦੁਖ-ਦਰਦ ਨੂੰ ਸੁਣਨ ਤੇ ਸਮਝਣ ਲਈ ਪੰਜ-ਕੁ ਮਿੰਟਾਂ ਦਾ ਸਮਾਂ ਵੀ ਨਾ ਕਢ ਸਕੇ।

ਗਲ 1964-65 ਦੀ ਹੈ, ਜਦੋਂ ਗੁਜਰਾਤ ਸਹਿਤ, ਸਮੁਚੀਆਂ ਭਾਰਤੀ ਸੀਮਾਵਾਂ 'ਤੇ ਪਾਕਿਸਤਾਨੀ ਫੌਜ ਦੀਆਂ ਸਰਗਰਮੀਆਂ ਲਗਾਤਾਰ ਵੱਧਦੀਆਂ ਜਾਣ ਲਗ ਪਈਆਂ ਸਨ, ਤਾਂ ਅਜਿਹੇ ਸਮੇਂ 'ਤੇ ਭਾਰਤ ਦੇ ਉਸ ਸਮੇਂ ਦੇ ਪ੍ਰਧਾਨ ਮੰਤ੍ਰੀ ਲਾਲ ਬਹਾ-ਦੁਰ ਸ਼ਾਸਤ੍ਰੀ ਨੇ ਗੁਜਾਰਤ ਦੀਆਂ ਸੀਮਾਵਾਂ ਦੀ ਸੁਰਖਿਆ ਨਿਸ਼ਚਿਤ ਕਰਨ ਅਤੇ ਉਸਦੇ 'ਕਛ' ਵਿਚਲੇ ਇਲਾਕੇ ਦੀਆਂ ਬੰਜਰ ਜ਼ਮੀਨਾਂ ਨੂੰ ਅਬਾਦ ਕਰ ਜ਼ਰਖੇਜ਼ ਬਣਾਉਣ ਦੇ ਉਦੇਸ਼ ਨਾਲ ਪੰਜਾਬ ਤੋਂ ਕਿਸਾਨਾਂ, ਜਿਨ੍ਹਾਂ ਵਿੱਚ ਬਹੁਤੀ ਗਿਣਤੀ ਸਿੱਖਾਂ ਦੀ ਸੀ, ਨੂੰ ਲਿਜਾ ਕੇ ਉਥੇ ਵਸਾ ਦਿੱਤਾ। ਜਿਨ੍ਹਾਂ ਨੇ ਦਿਨ-ਰਾਤ ਦੀ ਸਖਤ ਮਿਹਨਤ ਕਰ ਤੇ ਖੂਨ ਪਸੀਨਾ ਵਹਾ, ਨਾ ਕੇਵਲ ਗੁਜਰਾਤ ਦੀਆਂ ਸੀਮਾਵਾਂ ਨੂੰ ਹੀ ਸੁਰਖਿਅਤ ਕੀਤਾ ਸਗੋਂ 'ਕਛ' ਦੇ ਇਲਾਕੇ ਦੀਆਂ ਬੰਜਰ ਜ਼ਮੀਨਾਂ ਨੂੰ ਵੀ ਸੋਨਾ ਉਗਲਣ ਵਾਲੀਆਂ ਜ਼ਮੀਨਾਂ ਵਿਚ ਬਦਲ ਦਿੱਤਾ। ਦਸਿਆ ਜਾਂਦਾ ਹੈ ਕਿ 'ਕਛ' ਦੀਆਂ ਬੰਜਰ ਜ਼ਮੀਨਾਂ ਦੇ ਸੋਨਾ ਉਗਲਣ ਵਾਲੀਆਂ ਜ਼ਮੀਨਾਂ ਵਿੱਚ ਬਦਲ ਜਾਣ ਦੇ ਫਲਸਰੂਪ ਸਥਾਨਕ ਲੋਕਾਂ ਦੀਆਂ ਨਜ਼ਰਾਂ ਬਦਲ ਗਈਆਂ ਤੇ ਉਨ੍ਹਾਂ ਜ਼ਮੀਨਾਂ ਪੁਰ ਕਬਜ਼ਾ ਕਰਨ ਦੇ ਉਦੇਸ਼ ਨਾਲ ਉਨ੍ਹਾਂ ਕਈ ਤਰ੍ਹਾਂ ਦੇ ਹੱਥਕੰਡਿਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਪ੍ਰੰਤੂ ਰਾਜ ਸਰਕਾਰ ਦਾ ਸਹਿਯੋਗ ਨਾ ਮਿਲ ਪਾਣ ਦੇ ਕਾਰਣ ਉਨ੍ਹਾਂ ਨੂੰ ਆਪਣੇ ਉਦੇਸ਼ ਵਿੱਚ ਸਫਲਤਾ ਨਾ ਮਿਲ ਸਕੀ। ਸਮੇਂ ਦੇ ਨਾਲ ਰਾਜ ਸਰਕਾਰਾਂ ਬਦਲੀਆਂ ਅਤੇ ਉਨ੍ਹਾਂ ਪੁਰ 'ਕਛ' ਦੇ ਸਥਾਨਕ ਲੋਕਾਂ ਦਾ ਪ੍ਰਭਾਵ ਵੀ ਵੱਧਣ ਲਗ ਪਿਆ, ਇਸਦੇ ਨਾਲ ਹੀ ਪੰਜਾਬੀ ਕਿਸਾਨਾਂ ਲਈ ਮੁਸ਼ਕਲਾਂ ਵੀ ਖੜੀਆਂ ਹੋਣੀਆਂ ਸ਼ੁਰੂ ਹੋ ਗਈਆਂ। ਕਿਹਾ ਜਾਂਦਾ ਹੈ ਕਿ ਅਜਿਹੇ ਸਮੇਂ ਵਿੱਚ ਸਥਾਨਕ ਲੋਕਾਂ ਦੇ ਪ੍ਰਭਾਵ ਵਿੱਚ ਆ ਰਾਜ ਸਰਕਾਰ ਵਲੋਂ ਪੰਜਾਬੀ ਕਿਸਾਨਾਂ ਪੁਰ ਗੁਜਰਾਤ ਤੋਂ ਪਲਾਇਨ ਕਰ ਜਾਣ ਦਾ ਦਬਾਉ ਵਧਾਇਆ ਜਾਣ ਲਗ ਪਿਆ। ਕੁਝ ਪੰਜਾਬੀ ਕਿਸਾਨਾਂ ਨੂੰ ਉਨ੍ਹਾਂ ਦੀਆਂ ਖੂਨ ਪਸੀਨੇ ਨਾਲ ਸਿੰਜੀਆਂ ਜ਼ਮੀਨਾਂ ਤੋਂ ਬੇ-ਦਖਲ ਵੀ ਕਰ ਦਿੱਤਾ ਗਿਆ। ਜਿਸਦੇ ਵਿਰੁਧ ਉਨ੍ਹਾਂ ਹਾਈਕੋਰਟ ਦੀ ਜਾ ਸ਼ਰਨ ਲਈ। ਜਿਥੇ ਲੰਮੀ ਲੜਾਈ ਲੜਨ ਤੋਂ ਬਾਅਦ ਉਨ੍ਹਾਂ ਨੂੰ ਰਾਹਤ ਮਿਲ ਸਕੀ। ਦਸਿਆ ਗਿਆ ਹੈ ਕਿ ਸਥਾਨਕ ਲੋਕਾਂ ਦੇ ਦਬਾਉ ਹੇਠ ਰਾਜ ਸਰਕਾਰ ਨੇ ਹਾਈਕੋਰਟ ਦੇ ਫੈਸਲੇ ਨੂੰ ਸੁਪ੍ਰੀਮ ਕੋਰਟ ਜਾ ਵਿੱਚ ਚੁਨੌਤੀ ਦਿੱਤੀ। ਜਿਥੇ ਪਿਛਲੇ ਪੰਜ ਸਾਲਾ ਤੋਂ ਉਨ੍ਹਾਂ ਦੀ ਲੜਾਈ ਜਾਰੀ ਹੈ। ਇਉਂ ਜਾਪਦਾ ਹੈ ਕਿ ਜਿਵੇਂ ਰਾਜ ਸਰਕਾਰ ਪੰਜਾਬੀ ਕਿਸਾਨਾਂ ਨੂੰ ਉਥੋਂ ਉਜਾੜਨ ਲਈ ਲਕ ਬੰਨ੍ਹ ਕੇ ਜੁਟ ਗਈ ਹੋਈ ਹੈ।

ਆਪਣੇ ਇਸੇ ਉਦੇਸ਼ ਨੂੰ ਮੁੱਖ ਰਖਕੇ ਉਸਨੇ ਉਨ੍ਹਾਂ ਨੂੰ ਤੰਗ ਤੇ ਪ੍ਰੇਸ਼ਾਨ ਕਰ ਗੁਜਰਾਤ ਤੋਂ ਪਲਾਇਨ ਕਰਜਾਣ ਤੇ ਮਜਬੂਰ ਕਰਨ ਲਈ ਬੈਂਕਾਂ ਤੋਂ ਉਨ੍ਹਾਂ ਨੂੰ ਮਿਲਣ ਵਾਲੇ ਕਰਜ਼ਿਆਂ ਪੁਰ ਰੋਕ ਲਾ ਦਿੱਤੀ ਹੈ। ਇਤਨਾ ਹੀ ਨਹੀਂ ਆਪਣੀਆਂ ਜ਼ਮੀਨਾਂ ਨੂੰ ਵੇਚਣ ਤੇ ਉਨ੍ਹਾਂ ਦੇ ਕਿਸੇ ਹੋਰ ਨਾਂ 'ਤੇ ਬਦਲਣ ਦੇ ਰਸਤੇ ਵਿੱਚ ਵੀ ਰੁਕਾਵਟਾਂ ਖੜੀਆਂ ਕਰ ਦਿੱਤੀਆਂ ਗਈਆਂ ਹਨ।

ਕਈ ਵਾਰ ਗੁਹਾਰ ਲਾਈ : ਇਹ ਵੀ ਦਸਿਆ ਗਿਆ ਕਿ ਗੁਜਰਾਤ ਦੇ ਪੰਜਾਬੀ ਕਿਸਾਨਾਂ ਦੇ ਪ੍ਰਤਿਨਿਧੀ ਬਾਰ-ਬਾਰ ਪੰਜਾਬ ਜਾ, ਅਕਾਲੀ ਆਗੂਆਂ ਦੇ ਦਰ ਤਕ ਪਹੁੰਚ, ਉਨ੍ਹਾਂ ਦੇ ਦਰਬਾਰ ਵਿੱਚ ਆਪਣਾ ਬਚਾਉ ਕਰਨ ਦੀ ਗੁਹਾਰ ਲਾਂਉਂਦੇ ਰਹੇ। ਉਨ੍ਹਾਂ ਨੇ ਉਨ੍ਹਾਂ ਪਾਸੋਂ ਇਥੋਂ ਤਕ ਮੰਗ ਕੀਤੀ ਕਿ ਉਹ ਆਪਣੀ ਭਾਈਵਾਲ ਪਾਰਟੀ ਪੁਰ ਦਬਾਉ ਬਣਾ, ਉਨ੍ਹਾਂ ਨੂੰ ਇਨਸਾਫ ਦੁਆਉਣ। ਪਰ ਉਨ੍ਹਾਂ ਦੇ ਕੰਨਾਂ ਪੁਰ ਜੂੰ ਤਕ ਨਹੀਂ ਰੈਂਗੀ। ਉਨ੍ਹਾਂ ਅਕਾਲੀ ਆਗੂਆਂ ਨੂੰ ਇਹ ਵੀ ਕਿਹਾ ਕਿ ਉਹ ਪ੍ਰਧਾਨ ਮੰਤ੍ਰੀ ਨੂੰ ਉਨ੍ਹਾਂ ਵਲੋਂ ਲੁਧਿਆਣਾ ਰੈਲੀ ਵਿੱਚ ਕੀਤੇ ਗਏ ਉਸ ਵਾਇਦੇ ਦੀ ਯਾਦ ਕਰਵਾ ਉਨ੍ਹਾਂ ਦੀ ਸੁਰਖਿਆ ਨਿਸਚਿਤ ਕਰਵਾਣ ਜਿਸ ਵਿੱਚ ਉਨ੍ਹਾਂ ਭਰੋਸਾ ਦੁਆਇਆ ਸੀ ਕਿ ਗੁਜਰਾਤ ਵਿਚੋਂ ਕਿਸੇ ਵੀ ਪੰਜਾਬੀ ਨੂੰ ਉਜਾੜਿਆ ਨਹੀਂ ਜਾਇਗਾ।

ਸਿੱਖ ਕਤਲੇਆਮ ਬਨਾਮ ਪੁਲਿਸ : ਨਵੰਬਰ-84 ਕਦ ਸਿੱਖ ਕਤਲੇਆਮ ਨਾਲੇ ਸੰਬੰਧਤ ਅਗਰਵਾਲ-ਜੈਨ ਅਤੇ ਕਪੂਰ-ਮਿੱਤਲ ਜਾਂਚ ਕਮੇਟੀਆਂ ਦੀਆਂ ਜਾਂਚ ਰਿਪੋਰਟਾਂ ਵਿੱਚ ਜਿਨ੍ਹਾਂ 72 ਪੁਲਿਸ ਕਰਮਚਾਰੀਆਂ, ਜਿਨ੍ਹਾਂ ਵਿੱਚ 6 ਆਈਪੀਐਸ ਅਧਿਕਾਰੀ ਵੀ ਸ਼ਾਮਲ ਹਨ, ਨੂੰ ਸਿੱਖ ਕਤਲੇਆਮ ਦੇ ਦੌਰਾਨ ਮੂਕ ਦਰਸ਼ਕ ਬਣੇ ਰਹਿਣ, ਕਾਤਲਾਂ ਅਤੇ ਲੁਟੇਰਿਆਂ ਦੀ ਸਹਾਇਤਾ ਕਰਨ ਕਦ ਦੋਸ਼ੀ ਕਰਾਰ ਦਿੱਤਾ ਗਿਆ ਹੈ, ਉਨ੍ਹਾਂ ਦੇ ਵਿਰੁਧ ਐਫਆਈਆਰ ਦਰਜ ਕਰ ਕਾਨੂੰਨੀ ਕਾਰਵਾਈ ਅਤੇ ਕਤਲੇਆਮ ਨਾਲ ਸੰਬੰਧਤ ਮਾਮਲਿਆਂ ਪੁਰ ਲਗਤਾਰ ਸੁਣਵਾਈ ਕਰ, ਉਨ੍ਹਾਂ ਦਾ ਜਲਦੀ ਨਿਪਟਾਰਾ ਕੀਤੇ ਜਾਣ ਦੀ ਮੰਗ ਨੂੰ ਲੈ ਕੇ, ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਮੈਂਬਰ ਸ. ਗੁਰਲਾਡ ਸਿੰਘ ਕਾਹਲੋਂ ਵਲੋਂ ਸੁਪ੍ਰੀਮ ਕੋਰਟ ਵਿੱਚ ਇੱਕ ਲਜਨਹਿਤ ਯਾਚਕਾ (ਪੀਆਈਐਲ) ਦਾਖਲ ਕੀਤੀ ਗਈ। ਜਿਸਪੁਰ ਅਰੰਭਕ ਸੁਣਵਾਈ ਕਰਨ ਤੋਂ ਬਾਅਦ ਮਾਣਯੋਗ ਅਦਾਲਤ ਨੇ ਉਸਨੂੰ ਸੁਣਵਾਈ ਲਈ ਸਵੀਕਾਰ ਕਰ ਲਿਆ ਤੇ ਇਨ੍ਹਾਂ ਮਾਮਲਿਆਂ ਵਿੱਚ ਆਪਣਾ ਜਵਾਬ ਦਾਖਲ ਕਰਨ ਲਈ ਸਰਕਾਰ ਦੇ ਨਾਂ ਨੋਟਿਸ ਜਾਰੀ ਕਰ ਦਿੱਤਾ। ਇਹ ਜਾਣਕਾਰੀ ਦਿੰਦਿਆਂ ਸ. ਗੁਰਲਾਡ ਸਿੰਘ ਕਾਹਲੋਂ ਨੇ ਦਸਿਆ ਕਿ ਉਨ੍ਹਾਂ ਇਹ ਯਾਚਿਕਾ ਇਸੇ ਸਾਲ ਜਨਵਰੀ ਵਿੱਚ ਦਾਖਲ ਕੀਤੀ ਸੀ।



ਇਥੇ ਇਹ ਗਲ ਵਰਨਣਯੋਗ ਹੈ ਕਿ ਨਵੰਬਰ-84 ਦੇ ਸਿੱਖ ਕਤਲੇਆਮ ਤੋਂ ਬਾਅਦ ਇਸ ਕਾਂਡ ਨਾਲ ਸੰਬੰਧਤ ਸਾਰੇ ਹਾਲਾਤ ਦੀ ਜਾਂਚ ਕਰਨ ਲਈ ਸਰਕਾਰੀ ਅਤੇ ਗੈਰ-ਸਰਕਾਰੀ ਕਈ ਕਮਿਸ਼ਨਾਂ ਅਤੇ ਕਮੇਟੀਆਂ ਦਾ ਗਠਨ ਕੀਤਾ ਗਿਆ ਸੀ, ਜਿਨ੍ਹਾਂ ਆਪਣੀਆਂ ਜਾਂਚ ਰਿਪੋਰਟਾਂ ਵਿੱਚ ਕਤਲੇਆਮ ਲਈ ਜ਼ਿਮੇਂਦਾਰ ਦੋਸ਼ੀਆਂ ਦੀ ਪਛਾਣ ਸਥਾਪਤ ਕਰਦਿਆਂ, ਉਨ੍ਹਾਂ ਵਿਰੁੱਧ ਕਾਰਵਾਈ ਕੀਤੇ ਜਾਣ ਦੀ ਸਿਫਾਰਿਸ਼ ਕੀਤੀ ਸੀ। ਇਸੇ ਉਦੇਸ਼ ਲਈ ਗਠਤ ਕਪੂਰ-ਮਿੱਤਲ ਤੇ ਅਗਰਵਾਲ-ਜੈਨ ਜਾਂਚ ਕਮੇਟੀਆਂ ਨੇ ਆਪਣੀਆਂ ਜਾਂਚ ਰਿਪੋਰਟਾਂ ਵਿੱਚ ਸਿੱਖ ਕਤਲੇਆਮ ਦੌਰਾਨ ਦਿੱਲੀ ਪੁਲਿਸ ਵਲੋਂ ਨਿਭਾਈ ਗਈ ਭੂਮਿਕਾ ਦੀ ਜਾਂਚ ਕਰਦਿਆਂ, ਜਿਥੇ ਤਿੰਨ ਦਿਨ ਲਗਾਤਾਰ ਚਲਦੇ ਰਹੇ ਕਤਲੇਆਮ ਦੌਰਾਨ, ਉਸਦੇ ਮੂਕ ਦਰਸ਼ਕ ਬਣੇ ਰਹਿਣ ਅਤੇ ਉਸ ਵਲੋਂ ਕਾਤਲਾਂ-ਲੁਟੇਰਿਆਂ ਦੀ ਮਦਦ ਕੀਤੇ ਜਾਣ ਨੂੰ ਉਸਦਾ ਬਹੁਤ ਹੀ ਗੰਭੀਰ ਅਪਰਾਧ ਮੰਨਿਆ, ਉਥੇ ਹੀ ਅਜਿਹੇ ਅਪਰਾਧ ਲਈ ਦੋਸ਼ੀ 72 ਅਜਿਹੇ ਪੁਲਿਸ ਕਰਮਚਾਰੀਆਂ, ਜਿਨ੍ਹਾਂ ਵਿੱਚ 6 ਆਈਪੀਐਸ ਅਧਿਕਾਰੀ ਵੀ ਸ਼ਾਮਲ ਸਨ, ਦੀ ਪਛਾਣ ਸਥਾਪਤ ਕਰ, ਉਨ੍ਹਾਂ ਵਿਰੁੱਧ ਸਖਤ-ਤੋਂ-ਸਖਤ ਕਾਰਵਾਈ ਕੀਤੇ ਜਾਣ ਦੀ ਸਿਫਾਰਿਸ਼ ਵੀ ਕੀਤੀ ਸੀ। ਮੰਨਿਆ ਜਾਂਦਾ ਹੈ ਕਿ ਉਸ ਸਮੇਂ ਰਾਜਸੀ ਪ੍ਰਭਾਵ ਦੇ ਚਲਦਿਆਂ ਅਜਿਹੀਆਂ ਜਾਂਚ ਰਿਪੋਰਟਾਂ ਪੁਰ ਕੋਈ ਕਾਰਵਾਈ ਨਹੀਂ ਸੀ ਹੋ ਸਕੀ ਅਤੇ ਉਹ ਰਿਪੋਰਟਾਂ ਫਾਈਲਾਂ ਵਿੱਚ ਦਬ ਕੇ ਰਹਿ ਗਈਆਂ। ਸ. ਗੁਰਲਾਡ ਸਿੰਘ ਕਾਹਲੋਂ ਨੇ ਦਸਿਆ ਕਿ ਦਿੱਲੀ ਪੁਲਿਸ ਅਤੇ ਸੀਬੀਆਈ ਵਲੋਂ ਇਸ ਕਤਲੇਆਮ ਨਾਲ ਸੰਬੰਧਤ ਕਈ ਮਾਮਲਿਆਂ ਨੂੰ ਗਵਾਹ ਜਾਂ ਸਬੂਤ ਨਾ ਮਿਲ ਪਾਣ, ਨੂੰ ਅਧਾਰ ਬਣਾ, ਬੰਦ ਕਰ ਦਿੱਤਾ ਗਿਆ ਸੀ। ਜਿਨ੍ਹਾਂ ਨੂੰ ਫਿਰ ਤੋਂ ਖੋਲ੍ਹਣ ਅਤੇ ਉਨ੍ਹਾਂ ਦੀ ਜਾਂਚ ਕਰਵਾਏ ਜਾਣ ਦੀ ਮੰਗ ਦੇ ਵਧਦਿਆਂ ਜਾਣ ਦੇ ਦਬਾਅ ਦੇ ਚਲਦਿਆਂ ਕੇਂਦ੍ਰੀ ਸਰਕਾਰ ਦੇ ਗ੍ਰਹਿ ਵਿਭਾਗ ਵਲੋਂ ਇਨ੍ਹਾਂ ਮਾਮਲਿਆਂ ਨੂੰ ਫਿਰ ਤੋਂ ਖੋਲ੍ਹਣ ਅਤੇ ਉਨ੍ਹਾਂ ਦੀ ਜਾਂਚ ਕਰਨ ਲਈ ਵਿਸ਼ੇਸ਼ ਜਾਂਚ ਦਲ (ਸਿਟ) ਦਾ ਗਠਨ ਕੀਤਾ ਗਿਆ।

...ਅਤੇ ਅੰਤ ਵਿੱਚ : ਦਿੱਲੀ ਪੁਲਿਸ ਅਤੇ ਸੀਬੀਆਈ ਵਲੋਂ ਸਿੱਖ ਕਤਲੇਆਮ ਨਾਲ ਸੰਬੰਧਤ ਮਾਮਲਿਆਂ ਨੂੰ ਬੰਦ ਕਰਨ ਦੀ ਸ਼ੁਰੂ ਕੀਤੀ ਗਈ ਕਾਰਵਾਈ ਵਿਰੁਧ ਸ. ਗੁਰਲਾਡ ਸਿੰਘ ਕਾਹਲੋਂ ਨੇ 2016 ਵਿੱਚ ਸੁਪ੍ਰੀਮ ਕੋਰਟ ਵਿੱਚ ਇੱਕ ਜਨਹਿਤ ਯਾਚਕਾ ਦਾਖਲ ਕੀਤੀ, ਜਿਸ ਵਿੱਚ ਉਨ੍ਹਾਂ ਇਸ ਕਾਰਵਾਈ ਪੁਰ ਸ਼ੰਕਾ ਪ੍ਰਗਟ ਕਰਦਿਆਂ, ਮੰਗ ਕੀਤੀ ਕਿ ਅਦਾਲਤ ਆਪਣੀ ਨਿਗਰਾਨੀ ਹੇਠ 'ਵਿਸ਼ੇਸ਼ ਜਾਂਚ ਦਲ' ਦਾ ਗਠਨ ਕਰ, ਇਨ੍ਹਾਂ ਮਾਮਿਆਂ ਦੀ ਜਾਂਚ ਕਰਵਾਏ। ਉਨ੍ਹਾਂ ਦੀ ਇਸ ਮੰਗ ਨੂੰ ਸਵੀਕਾਰ ਕਰਦਿਆਂ ਅਦਾਲਤ ਨੇ ਜਸਟਿਸ ਐਸਐਨ ਢੀਂਗਰਾ ਦੀ ਅਗਵਾਈ ਵਿੱਚ ਵਿਸ਼ੇਸ਼ ਜਾਂਚ ਦਲ ਦਾ ਗਠਨ ਕਰ ਦਿੱਤਾ। ਸ. ਗੁਰਲਾਡ ਸਿੰਘ ਕਾਹਲੋਂ ਅਨੁਸਾਰ ਇਨ੍ਹਾਂ ਜਤਨਾਂ ਸਦਕਾ ਹੀ ਬੰਦ ਕਰ ਦਿੱਤੇ ਗਏ ਕਈ ਮਾਮਲੇ ਫਿਰ ਤੋਂ ਖੁਲ੍ਹੇ ਅਤੇ ਉਨ੍ਹਾਂ ਪੁਰ ਕਾਰਵਾਈ ਹੋਈ, ਜਿਸਦੇ ਚਲਦਿਆਂ ਕਈ ਮੁੱਖ ਦੋਸ਼ੀਆਂ ਨੂੰ ਸਜ਼ਾ ਮਿਲ ਪਾਣ ਦਾ ਰਸਤਾ ਸਾਫ ਹੋਇਆ ਅਤੇ ਹੇਠਲੀਆਂ ਅਦਾਲਤਾਂ ਵਿੱਚ ਚਲ ਰਹੇ ਮਾਮਲਿਆਂ ਦੀ ਸੁਣਵਾਈ ਵਿੱਚ ਵੀ ਤੇਜ਼ੀ ਆਈ।

ਮੋਬਾ: + 91 95 82 71 98 90

# ਲੋਕਤੰਤਰ ਵਿੱਚ ਐੱਨ ਜੀ ਓਜ਼ ਦੀ ਭੂਮਿਕਾ ਮਹੱਤਵਪੂਰਨ

-ਆਕਾਰ ਪਟੇਲ-

ਕੁਝ ਮਹੀਨਿਆਂ ਵਿੱਚ ਇੱਕ ਵੱਡੇ ਗੈਰ-ਸਰਕਾਰੀ ਸੰਗਠਨ ਦੇ ਮੁਖੀ ਦੇ ਤੌਰ 'ਤੇ ਮੇਰਾ ਕਾਰਜਕਾਲ ਖਤਮ ਹੋਣ ਜਾ ਰਿਹਾ ਹੈ। ਮੈਂ ਸੋਚਿਆ ਕਿ ਮੈਨੂੰ ਇਸ ਖੇਤਰ ਬਾਰੇ ਲਿਖਣਾ ਚਾਹੀਦਾ ਹੈ ਤੇ ਪਾਠਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਚਾਰ ਸਾਲਾਂ ਤੱਕ ਇਸ ਵਿੱਚ ਕੰਮ ਕਰਦੇ ਸਮੇਂ ਮੈਂ ਕੀ ਕੁਝ ਸਿਖਿਆ ਅਤੇ ਜਾਣਿਆ।

ਪਹਿਲੀ ਚੀਜ਼ ਉਨ੍ਹਾਂ ਲੋਕਾਂ ਦੀ ਯੋਗਤਾ ਬਾਰੇ ਹੈ, ਜੋ ਇਨ੍ਹਾਂ ਵਿੱਚ (ਜਿਨ੍ਹਾਂ ਨੂੰ ਸਿਵਲ ਸੁਸਾਇਟੀ ਵੀ ਕਿਹਾ ਜਾਂਦਾ ਹੈ) ਕੰਮ ਕਰਦੇ ਹਨ। ਇਹ ਗਰੁੱਪ ਆਮ ਹਿੱਤਾਂ ਉੱਤੇ ਕੰਮ ਕਰਦਾ ਹੈ। ਇਨ੍ਹਾਂ ਨੂੰ ਵਰਕਰ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਸੰਗਠਨਾਂ ਨੂੰ ਆਮ ਤੌਰ ਉਤੇ ਐੱਨ ਜੀ ਓ ਕਿਹਾ ਜਾਂਦਾ ਹੈ। ਮੈਂ ਦੇਖਿਆ ਕਿ ਭਾਰਤ ਦੇ ਕੁਝ ਬਹੁਤ ਯੋਗ ਲੋਕ ਇਸ ਕੰਮ ਵੱਲ ਖਿੱਚੇ ਜਾਂਦੇ ਹਨ ਤੇ ਸਾਨੂੰ ਇਸ ਦਾ ਮਾਣ ਹੋਣਾ ਚਾਹੀਦਾ ਹੈ। ਇਸ ਖੇਤਰ ਦੀ ਤਨਖਾਹ ਕਾਰਪੋਰੇਟ ਖੇਤਰ ਮੁਕਾਬਲੇ ਬਹੁਤ ਘੱਟ ਹੈ। ਇਸ ਦੇ ਬਾਵਜੂਦ ਖਾਸ ਗੱਲ ਇਹ ਹੈ ਕਿ ਬਹੁਤ ਸਾਰੇ ਨੌਜਵਾਨ ਇਸ ਖੇਤਰ ਵਿੱਚ ਕੰਮ ਕਰਦੇ ਦੇਖੇ ਜਾ ਸਕਦੇ ਹਨ।ਦੂਜੀ ਵਿਸ਼ੇਸ਼ਤਾ ਉਨ੍ਹਾਂ ਦੇ ਕੰਮ ਕਰਨ ਦੀ ਪ੍ਰਕਿਰਤੀ ਬਾਰੇ ਹੈ, ਜਿੱਥੇ ਤੁਹਾਨੂੰ ਬਹੁਤ ਸਾਰੇ ਅਜਿਹੇ ਲੋਕ ਮਿਲ ਜਾਣਗੇ, ਜਿਨ੍ਹਾਂ ਨੇ ਕੂੜਾ ਚੁਗਣ ਅਤੇ ਮੁੱਢਲੀ ਸਿਖਿਆ ਵਰਗੇ ਵਿਸ਼ਿਆਂ 'ਤੇ ਦਹਾਕਿਆਂ ਤੱਕ ਕੰਮ ਕੀਤਾ ਹੈ। ਬੇਸ਼ੱਕ ਇਹ ਬਹੁਤ ਚੰਗਾ ਅਤੇ ਅਰਥਪੂਰਨ ਕੰਮ ਹੈ, ਪਰ ਇਸ ਦਾ ਦੂਜਾ ਪਹਿਲੂ ਇਹ ਹੈ ਕਿ ਇਨ੍ਹਾਂ ਲੋਕਾਂ ਕੋਲ ਇੱਕ ਖਾਸ ਮੁਹਾਰਤ ਅਤੇ ਸਮਝ ਹੁੰਦੀ ਹੈ, ਜੋ ਸਰਕਾਰ ਸਮੇਤ ਹੋਰ ਸਥਾਨਾਂ 'ਤੇ ਨਹੀਂ ਮਿਲਦੀ।ਇਸੇ ਦੇ ਨਾਲ ਤੀਸਰੀ ਗੱਲ ਮੇਰੇ ਧਿਆਨ ਵਿੱਚ ਆਉਂਦੀ ਹੈ ਤੇ ਉਹ ਇਹ ਹੈ ਕਿ ਭਾਰਤ 'ਚ ਅਜਿਹੇ ਲੋਕਾਂ ਤੇ ਸੰਸਥਾਵਾਂ ਲਈ ਸਰਕਾਰ ਨਾਲ ਕੰਮ ਕਰਨਾ ਆਸਾਨ ਨਹੀਂ ਹੁੰਦਾ। ਭਾਰਤ ਦਾ ਨੌਕਰਸ਼ਾਹੀ ਤੇ ਸਿਆਸੀ ਢਾਂਚਾ ਅਜਿਹਾ ਹੈ ਕਿ ਇਨ੍ਹਾਂ ਦੋਵਾਂ ਖੇਤਰਾਂ ਦੇ ਲੋਕ





ਸੌੜੀ ਸੋਚ ਵਾਲੇ ਅਤੇ ਘੁਮੰਡੀ ਹੁੰਦੇ ਹਨ। ਨਾਗਰਿਕ ਅਤੇ ਨੌਕਰਸ਼ਾਹੀ ਵਿਚਾਲੇ ਮਾਲਕ ਅਤੇ ਸੇਵਕ ਦਾ ਨਾਤਾ ਹੁੰਦਾ ਹੈ, ਭਾਵੇਂ ਨਾਗਰਿਕ ਨੇ ਉਸ ਨੌਕਰਸ਼ਾਹ ਦੇ ਮੁਕਾਬਲੇ ਕਿਸੇ ਵਿਸ਼ੇਸ਼ ਖੇਤਰ ਵਿੱਚ ਕਾਫੀ ਲੰਮੇ ਸਮੇਂ ਤੋਂ ਕੰਮ ਕੀਤਾ ਹੋਵੇ।

ਕਿਉਂਕਿ ਮੈਂ ਇੱਕ ਵਿਸ਼ਵ ਪੱਧਰੀ ਸੰਸਥਾ ਨਾਲ ਕੰਮ ਕੀਤਾ ਹੈ, ਇਸ ਲਈ ਮੈਂ ਕਹਿ ਸਕਦਾ ਹਾਂ ਕਿ ਹੋਰ ਜਮਹੂਰੀ ਦੇਸ਼ਾਂ, ਵਿਸ਼ੇਸ਼ ਤੌਰ 'ਤੇ ਯੂਰਪੀ ਦੇਸ਼ਾਂ 'ਚ ਨਾਗਰਿਕ ਅਤੇ ਨੌਕਰਸ਼ਾਹਾਂ ਦਾ ਕਾਫੀ ਨਜ਼ਦੀਕੀ ਰਿਸ਼ਤਾ ਹੁੰਦਾ ਹੈ। ਇਨ੍ਹਾਂ ਦੇਸ਼ਾਂ ਵਿੱਚ ਐੱ ਜੀ ਓ ਵਰਕਰਾਂ ਵੱਲੋਂ ਕੀਤੇ ਗਏ ਕੰਮਾਂ ਦਾ ਸਨਮਾਨ ਕੀਤਾ ਜਾਂਦਾ ਹੈ, ਜਦ ਕਿ ਸਾਡੇ ਦੇਸ਼ ਵਿੱਚ ਅਜਿਹੇ ਸਮੂਹਾਂ ਤੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਕਾਰਨ ਸਮਝਿਆ ਜਾਂਦਾ ਹੈ।

ਚੌਥੀ ਗੱਲ ਇਹ ਹੈ ਕਿ ਜੇ ਸਰਕਾਰ ਇਨ੍ਹਾਂ ਨਾਲ ਮਿਲ ਕੇ ਕੰਮ ਕਰੇ ਤਾਂ ਇਹ ਵਰਕਰ ਅਤੇ ਐੱਨ ਜੀ ਓਜ਼ ਸਮਾਜ ਲਈ ਕਾਫੀ ਕੀਮਤੀ ਸਾਬਿਤ ਹੋ ਸਕਦੇ ਹਨ। ਕਾਂਗਰਸੀ ਅਗਵਾਈ ਵਾਲੇ ਯੂ ਪੀ ਏ ਗੱਠਜੋੜ ਨੇ ਸਿਵਲ ਸੁਸਾਇਟੀ ਦੇ ਲੋਕਾਂ ਦਾ ਇੱਕ ਗਰੁੱਪ ਬਣਾਇਆ ਸੀ, ਜਿਸ ਨੂੰ ਕੌਮੀ ਸਲਾਹਕਾਰ ਕਮੇਟੀ ਦਾ ਨਾਂਅ ਦਿੱਤਾ ਗਿਆ ਸੀ। ਇਸ ਵਿੱਚ ਬਹੁਤੇ ਲੋਕ ਐੱਨ ਜੀ ਓਜ਼ ਵਾਲੇ ਸਨ। ਇਨ੍ਹਾਂ ਲੋਕਾਂ ਨੇ ਸਰਕਾਰ ਨੂੰ ਮਨਰੇਗਾ ਅਤੇ ਸੂਚਨਾ ਦਾ ਅਧਿਕਾਰ ਵਰਗੇ ਕਾਨੂੰਨ ਬਣਾਉਣ ਦੀ ਸਲਾਹ ਦਿੱਤੀ।ਜੇ ਇਹ ਕਾਨੂੰਨ ਬਣੇ ਹਨ ਅਤੇ ਅੱਜ ਵੀ ਇੰਨੇ ਪ੍ਰਸਿੱਧ ਹਨ ਤਾਂ ਉਹ ਇਸ ਲਈ ਹਨ ਕਿ ਉਹ ਉਨ੍ਹਾਂ ਲੋਕਾਂ ਦੀ ਸੋਚ ਦਾ ਨਤੀਜਾ ਸਨ, ਜੋ ਸਰਕਾਰ ਨਹੀਂ ਸੋਚ ਸਕਦੀ। ਮੇਰੇ ਮਨ ਵਿੱਚ ਇਸ ਗੱਲ ਬਾਰੇ ਕੋਈ ਸ਼ੱਕ ਨਹੀਂ ਕਿ ਸੂਚਨਾ ਦਾ ਅਧਿਕਾਰ ਵਰਗੀਆਂ ਚੀਜ਼ਾਂ ਕਾਫੀ ਤਬਦੀਲੀ ਲਿਆਉਣ ਵਾਲੀਆਂ ਇਹ ਸੰਸਥਾਂਵਾਂ ਹਨ। ਔਰਤਾਂ ਕੋਲ ਵੋਟ ਦੇ ਨਾਲ-ਨਾਲ ਆਰ ਟੀ ਆਈ ਦੇ ਰੂਪ ਵਿੱਚ ਇੱਕ ਵੱਡੀ ਤਾਕਤ ਆ ਗਈ ਹੈ। ਪੰਜਵੀਂ ਗੱਲ ਇਹ ਕਿ ਇਹ ਵਰਕਰ ਅਤੇ ਐਨ ਜੀ ਓਜ਼ ਮੱਧਵਰਗ ਤੇ ਗਰੀਬਾਂ ਵਿਚਾਲੇ ਪਾਈ ਜਾਣ ਵਾਲੀ ਖੱਡ ਨੂੰ ਭਰਨ ਦਾ ਕੰਮ ਕਰਦੇ ਹਨ। ਅਸੀਂ ਇੱਕ ਅਜਿਹੇ ਵਾਤਾਵਰਣ ਵਿੱਚ ਕੰਮ ਕਰਦੇ ਹਾਂ, ਜੋ ਏਕਾਂਤ ਦੇ ਮਾਹੌਲ ਵਾਲਾ ਹੁੰਦਾ ਹੈ।ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਖੇਤੀ ਸੰਕਟ ਵਰਗੇ ਕਈ ਮੁੱਦੇ ਅਜਿਹੇ ਹਨ, ਜਿਨ੍ਹਾਂ ਨਾਲ ਸਾਡੇ 'ਚੋਂ ਜ਼ਿਆਦਾਤਰ ਲੋਕਾਂ ਦਾ ਕੋਈ ਲੈਣਾ-ਦੇਣਾ ਨਹੀਂ ਹੁੰਦਾ ਕਿਉਂਕਿ ਇਨ੍ਹਾਂ ਨਾਲ ਸਾਡਾ ਕੋਈ ਸਿੱਧਾ ਵਾਸਤਾ ਨਹੀਂ ਹੁੰਦਾ। ਮੱਧਵਰਗ ਦੇ ਮੈਂਬਰਾਂ ਦੇ ਰੂਪ ਵਿੱਚ ਵਰਕਰ ਅਤੇ ਐੱਨ ਜੀ ਓਜ਼ ਦਾ ਗੈਰ-ਮੱਧਵਰਗੀ ਮਸਲਿਆਂ ਨਾਲ ਸਿੱਧਾ ਅਤੇ ਲੰਮਾ ਸੰਪਰਕ ਹੁੰਦਾ ਹੈ, ਜਿਸ ਨਾਲ ਅਸੀਂ ਵੀ ਉਨ੍ਹਾਂ ਬਾਰੇ ਜਾਣ ਸਕਦੇ ਹਾਂ।

ਛੇਵੀਂ ਗੱਲ ਉਨ੍ਹਾਂ ਮੁੱਦਿਆਂ ਬਾਰੇ ਹੈ, ਜਿਨ੍ਹਾਂ ਬਾਰੇ ਅਸੀਂ ਜ਼ਿਆਦਾਤਰ ਭਾਰਤੀਆਂ ਨੇ ਆਪਣਾ ਮਨ ਬਣਾ ਲਿਆ ਹੈ, ਇਹ ਵਰਕਰ ਅਤੇ ਐੱਨ ਜੀ ਓਜ਼ ਹੁੰਦੀਆਂ ਹਨ, ਜੋ ਚੀਜ਼ਾਂ ਨੂੰ ਵੱਧ ਬਰੀਕੀ ਨਾਲ ਸਮਝਦੇ ਹਨ। ਮੁੱਖ ਧਾਰਾ ਦੇ ਮੀਡੀਆ ਦੀ ਪ੍ਰਕਿਰਤੀ ਕਾਰਨ ਸਾਨੂੰ ਆਦਿਵਾਸੀਆਂ ਦੇ ਅਧਿਕਾਰਾਂ ਤੇ ਦਲਿਤਾਂ ਦੇ ਅਧਿਕਾਰਾਂ ਦੀਖਾਸ ਜਾਣਕਾਰੀ ਨਹੀਂ ਮਿਲਦੀ। ਕਸ਼ਮੀਰ ਵਰਗੇ ਮੁੱਦਿਆਂ ਉੱਤੇ ਸਾਡੇ ਕੋਲ ਸਿਰਫ ਇਕਤਰਫਾ ਜਾਣਕਾਰੀ ਹੈ। ਉਤਰ-ਪੂਰਬ 'ਚ ਹੁੰਦੀ ਹਿੰਸਾ ਬਾਰੇ ਸਾਡੀ ਸਮਝ ਘੱਟ ਹੈ, ਪਰ ਵਰਕਰਾਂ ਅਤੇ ਐਨ ਜੀ ਓਜ਼ ਸਾਡੇ ਮੁਕਾਬਲੇ ਇਨ੍ਹਾਂ ਨਾਲ ਕਾਫੀ ਡੂੰਘਾਈ ਨਾਲ ਜੁੜੇ ਹੁੰਦੇ ਹਨ।

ਮੈਂ ਤੁਹਾਨੂੰ ਇੱਕ ਅਜਿਹੀ ਉਦਾਹਰਣ ਦੱਸਦਾ ਹਾਂ, ਜਿਸ ਬਾਰੇ ਤੁਹਾਨੂੰ ਸ਼ਾਇਦ ਪਤਾ ਹੀ ਨਾ ਹੋਵੇ : 2012 ਵਿੱਚ ਈ ਈ ਵੀ ਐੱਫ ਏ ਐੱਮ ਨਾਂਅ ਦੀ ਐੱਨ ਜੀ ਓ ਨੇ ਸੁਪਰੀਮ ਕੋਰਟ ਵਿੱਚ ਇਹ ਕਹਿ ਕੇ ਪਟੀਸ਼ਨ ਦਾਇਰ ਕੀਤੀ ਕਿ ਮਣੀਪੁਰ 'ਚ ਫੌਜ ਵੱਲੋਂ ਕੀਤਾ ਗਿਆ ਮੁਕਾਬਲਾ ਨਕਲੀ ਹੈ। ਕੋਰਟ ਨੇ ਕੁਝ ਜੱਜਾਂ ਨੂੰ ਇਸ ਦੀ ਜਾਂਚ ਦਾ ਹੁਕਮ ਦਿੱਤਾ, ਜਿਸ ਵਿੱਚ ਪਾਇਆ ਗਿਆ ਕਿ ਐਨ ਜੀ ਓ ਦੀ ਗੱਲ ਸਹੀ ਸੀ। ਸਿੱਟੇ ਵਜੋਂ ਮਣੀਪੁਰ ਵਿੱਚ ਹੋਣ ਵਾਲੇ ਮੁਕਾਬਲਿਆਂ ਤੇ ਇਨ੍ਹਾਂ ਵਿੱਚ ਮਾਰੇ ਜਾਣ ਵਾਲੇ ਲੋਕਾਂ ਦੀ ਗਿਣਤੀ 200 ਤੋਂ ਘੱਟ ਕੇ ਬਹੁਤ ਘੱਟ ਰਹਿ ਗਈ ਹੈ ਕਿਉਂਕਿ ਫੌਜ ਨੂੰ ਪਤਾ ਹੈ ਕਿ ਉਸ ਉਤੇ ਨਜ਼ਰ ਰੱਖੀ ਜਾ ਰਹੀ ਹੈ। ਇਹ ਜਾਣਕਾਰੀ ਤੁਹਾਨੂੰ ਰੈਗੂਲਰ ਮੀਡੀਆ ਤੋਂ ਨਹੀਂ ਮਿਲੇਗੀ। ਇਹ ਐੱਨ ਜੀ ਓਜ਼ ਅਤੇ ਵਰਕਰਾਂ ਦੀ ਹਾਜ਼ਰੀ ਹੀ ਹੈ, ਜਿਨ੍ਹਾਂ ਨੇ ਸੰਵਿਧਾਨਕ ਅਧਿਕਾਰਾਂ ਨੂੰ ਸੁਰੱਖਿਅਤ ਰੱਖਿਆ ਹੈ।

ਕਿਸੇ ਵੀ ਜਮਹੂਰੀ ਦੇਸ਼ 'ਚ ਕਾਫੀ ਗਿਣਤੀ ਵਿੱਚ ਵਰਕਰਾਂ ਅਤੇ ਸੰਗਠਨਾਂ ਦੀ ਲੋੜ ਹੁੰਦੀ ਹੈ, ਜੋ ਸਮਾਜ ਨੂੰ ਪ੍ਰਭਾਵਿਤ ਕਰਨ ਵਾਲੇ ਮਾਮਲਿਆਂ ਉੱਤੇ ਕੰਮ ਕਰਨ। ਸਾਡੇ ਵਿੱਚੋਂ ਬਹੁਤ ਸਾਰੇ ਲੋਕ ਉਨ੍ਹਾਂ ਚੀਜ਼ਾਂ ਵਿੱਚ ਕੋਈ ਰੁਚੀ ਨਹੀਂ ਰੱਖਦੇ, ਜਿਨ੍ਹਾਂ ਦਾ ਸਾਡੇ ਨਾਲ ਸਿੱਧੇ ਤੌਰ 'ਤੇ ਕੋਈ ਸੰਬੰਧ ਨਾ ਹੋਵੇ। ਸਾਨੂੰ ਉਨ੍ਹਾਂ ਲੋਕਾਂ ਦਾ ਸਮਰਥਨ ਕਰਨਾ ਚਾਹੀਦਾ ਹੈ, ਜੋ ਆਮ ਹਿੱਤ ਦੇ ਮੁੱਦਿਆਂ 'ਤੇ ਕੰਮ ਕਰਦੇ ਹਨ, ਬੇਸ਼ੱਕ ਅਸੀਂ ਉਨ੍ਹਾਂ ਦੀਆਂ ਕੁਝ ਗੱਲਾਂ ਨਾਲ ਸਹਿਮਤ ਨਾ ਹੋਈਏ।


KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ





ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657

69 Westmore Dr. #20
Etobicoke ON, M9V 3Y6

## ਦਰਸ਼ਨੀ ਡਿਉਢੀ ਢਾਹੁਣ ਦੇ ਕੇਸ ਪਿੱਛੋਂ ਅਕਾਲ ਤਖਤ ਵੱਲੋਂ ਸਖਤ ਹੁਕਮ ਜਾਰੀ



ਅੰਮ੍ਰਿਤਸਰ, 7 ਅਪਰੈਲ, (ਪੋਸਟ ਬਿਊਰੋ)- ਦਰਬਾਰ ਸਾਹਿਬ ਤਰਨ ਤਾਰਨ ਦੀ ਇਤਿਹਾਸਕ ਦਰਸ਼ਨੀ ਡਿਉੜੀ ਢਾਹੁਣ ਦੇ ਕੇਸ ਪਿੱਛੋਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਸਿੱਖ ਹੈਰੀਟੇਜ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਹੈ। ਇਸ ਦੇ ਬਾਅਦ ਦੁਨੀਆ ਦੇ ਕਿਸੇ ਵੀ ਗੁਰ-ਦੁਆਰੇ ਅਤੇ ਸਿੱਖ ਪੰਥ ਨਾਲ ਸਬੰਧਤ ਕਿਸੇ ਵੀ ਇਮਾਰਤ ਦੀ ਮੁਰੰਮਤ ਆਦਿ ਕਰਨ ਤੋਂ ਪਹਿਲਾਂ ਸਿੱਖ ਹੈਰੀਟੇਜ ਕਮਿਸ਼ਨ ਦੀ ਇਜਾਜ਼ਤ ਲੈਣੀ ਲਾਜ਼ਮੀ ਹੋਵੇਗੀ।

ਅੱਜ ਏਥੇ ਦੱਸਿਆ ਗਿਆ ਕਿ ਇਸ ਸਿੱਖ ਹੈਰੀਟੇਜ ਕਮਿਸ਼ਨ ਵਿਚ ਦੋ ਸਿੱਖ ਇਤਿਹਾਸਕਾਰ, ਦੋ ਆਰਕੀਟੈਕਟ ਤੇ ਇਕ ਸਿੱਖ ਵਿਦਵਾਨ ਜਾਂ ਹੋਰ ਮਾਹਰਾਂ ਨੂੰ ਸ਼ਾਮਲ ਕੀਤਾ ਜਾਵੇਗਾ। ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਦਰਬਾਰ ਸਾਹਿਬ ਤਰਨ ਤਾਰਨ ਦੀ ਇਤਿਹਾਸਕ ਦਰਸ਼ਨੀ ਡਿਉੜੀ ਢਾਹੁਣ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਤੇ ਸਿੱਖ ਪੰਥ ਵਿਚ ਜਿਵੇਂ ਇਸ ਦਾ ਵਿਰੋਧ ਹੋਇਆ ਸੀ, ਇਸ ਦੇ ਬਾਅਦ ਇਸ ਤਰ੍ਹਾਂ ਦੇ ਕਮਿਸ਼ਨ ਦੀ ਲੋੜ ਮਹਿਸੂਸ ਹੋਈ ਹੈ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਕਿਸੇ ਵੀ 60 ਸਾਲ ਪੁਰ-ਾਣੇ ਗੁਰਦੁਆਰਾ ਸਾਹਿਬ ਜਾਂ ਪੰਥ ਨਾਲ ਸਬੰਧਤ ਇਮਾਰਤ ਦੀ ਮੁਰੰਮਤ ਲਈ ਇਸ ਕਮਿਸ਼ਨ ਤੋਂ ਆਗਿਆ ਲੈਣੀ ਪਵੇਗੀ।

ਦੂਜੇ ਪਾਸੇ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਦਰਸ਼ਨੀ ਡਿਓਢੀ ਢਾਹੁਣ ਦੀ ਘਟਨਾ ਨਾਲ ਸਿੱਖਾਂ ਵਿਚ ਗੁੱਸੇ ਦੀ ਲਹਿਰ ਹੈ, ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਮੰਗ ਪੱਤਰ ਦੇ ਕੇ ਇਸ ਸਮੁੱਚੀ ਘਟਨਾ ਦੀ ਜਾਂਚ ਦੀ ਮੰਗ ਕੀਤੀ ਹੈ।

## ਕਾਂਗਰਸ ਵੱਲੋਂ ਖਡੂਰ ਸਾਹਿਬ ਤੋਂ ਡਿੰਪਾ, ਫਰੀਦਕੋਟ ਤੋਂ ਮੁਹੰਮਦ ਸਦੀਕ ਚੋਣ ਲੜਨਗੇ

### * ਫਤਹਿਗੜ੍ਹ ਸੀਟ ਤੋਂ ਡਾ: ਅਮਰ ਸਿੰਘ ਉਮੀਦਵਾਰ ਬਣਾਏ * ਆਮ ਆਦਮੀ ਪਾਰਟੀ ਨੇ ਪਟਿਆਲੇ ਤੇ ਫਿਰੋਜ਼ਪੁਰ ਤੋਂ ਉਮੀਦਵਾਰ ਐਲਾਨੇ

ਨਵੀਂ ਦਿੱਲੀ, 7 ਅਪਰੈਲ, (ਪੋਸਟ ਬਿਊਰੋ)- ਇਸ ਵਾਰ ਪਾਰਲੀਮੈਂਟ ਚੋਣਾਂ ਦੌਰਾਨ ਪੰਜਾਬ ਦੀਆਂ ਤਿੰਨ ਸੀਟਾਂ, ਖਡੂਰ ਸਾਹਿਬ, ਫਤਹਿਗੜ੍ਹ ਸਾਹਿਬ ਤੇ ਫਰੀਦਕੋਟ ਲਈ ਕਾਂਗਰਸ ਪਾਰਟੀ ਨੇ ਅੱਜ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਤੇ ਇਸ ਦੇ ਬਾਅਦ ਸਿਰਫ ਆਨੰਦਪੁਰ ਸਾਹਿਬ, ਸੰਗਰੂਰ, ਫਿਰੋਜਪੁਰ ਅਤੇ ਬਠਿੰਡਾ ਬਾਕੀ ਰਹਿ ਗਏ ਹਨ। ਅੱਜ ਹੀ ਆਮ ਆਦਮੀ ਪਾਰਟੀ ਨੇ ਵੀ ਆਪਣੇ ਦੋ ਹੋਰ ਉਮੀਦਵਾਰਾਂ ਦੇ ਨਾਂਅ ਐਲਾਨ ਕਰ ਦਿੱਤੇ ਹਨ।

ਕਾਂਗਰਸ ਪਾਰਟੀ ਨੇ ਅੱਜ ਦਿੱਲੀ ਵਿਚਲੇ ਕਾਂਗਰਸ ਦਫਤਰ ਵਿੱਚ ਪਾਰਲੀਮੈਂਟ ਚੋਣਾਂ ਲਈ ਪੰਜ ਹੋਰ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਹੈ, ਜਿਨ੍ਹਾਂ ਵਿਚੋਂ ਤਿੰਨ ਉਮੀਦਵਾਰ ਪੰਜਾਬ ਦੇ, ਇਕ ਬਿਹਾਰ ਅਤੇ ਇਕ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਹਲਕੇ ਨਾਲ ਸੰਬੰਧਤ ਹੈ। ਇਸ ਤਰ੍ਹਾਂ ਪੰਜਾਬ ਦੀਆਂ ਕੁੱਲ 13 ਲੋਕ ਸਭਾ ਸੀਟਾਂ ਤੋਂ ਨੌਂ ਲਈ ਉਮੀਦਵਾਰ ਪੇਸ਼ ਕਰ ਦਿੱਤੇ ਗਏ ਹਨ। ਅੱਜ ਸ਼ਨਿਚਰਵਾਰ ਸਵੇਰੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਾਲ ਹੋਈ ਬੈਠਕ ਦੌਰਾਨ ਤਿੰਨ ਸੀਟਾਂ ਫ਼ਰੀਦਕੋਟ, ਫ਼ਤਹਿਗੜ੍ਹ ਸਾਹਿਬ ਅਤੇ ਖਡੂਰ ਸਾਹਿਬ ਦੇ ਉਮੀਦਵਾਰਾਂ ਦੇ ਨਾਵਾਂ ਦੀ ਸਹਿਮਤੀ ਹੋ ਗਈ ਹੈ। ਇਨ੍ਹਾਂ ਵਿੱਚੋਂ ਫ਼ਰੀਦਕੋਟ ਤੋਂ ਮੁਹੰਮਦ ਸਦੀਕ, ਫ਼ਤਹਿਗੜ੍ਹ ਸਾਹਿਬ ਤੋਂ ਡਾ. ਅਮਰ ਸਿੰਘ ਅਤੇ ਖਡੂਰ ਸਾਹਿਬ ਤੋਂ ਜਸਬੀਰ ਡਿੰਪਾ ਨੂੰ ਕਾਂਗਰਸ ਉਮੀਦਵਾਰ ਬਣਾਇਆ ਗਿਆ। ਜਸਬੀਰ ਸਿੰਘ ਡਿੰਪਾ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਗਿਣਿਆ ਜਾਂਦਾ ਹੈ ਤੇ ਉਹ ਇਸ ਤੋਂ ਪਹਿਲਾਂ ਹਲਕਾ ਬਿਆਸ ਦੇ ਵਿਧਾਇਕ ਰਹਿ ਚੁੱਕੇ ਹਨ। ਇਸ ਹਲਕੇ ਦਾ ਨਵਾਂ ਨਾਂਅ ਬਾਬਾ ਬਕਾਲਾ ਦੇ ਸ਼ਹਿਰ ਉੱਤੇ ਰੱਖਿਆ ਗਿਆ ਹੈ ਤੇ ਇਹ ਖਡੂਰ ਸਾਹਿਬ ਲੋਕ ਸਭਾ ਹਲਕੇ ਵਿੱਚ ਪੈਂਦਾ ਹੈ। ਡਾ: ਅਮਰ ਸਿੰਘ ਸਾਬਕਾ ਆਈ ਏ ਐੱਸ ਅਫਸਰ ਹਨ। ਮੁਹੰਮਦ ਸਦੀਕ ਪ੍ਰਮੁੱਖ ਗਾਇਕ ਹਨ ਅਤੇ ਭਦੌੜ ਵਿਧਾਨ ਸਭਾ ਹਲਕੇ ਤੋਂ ਲੋਕਾਂ ਦੀ ਪ੍ਰਤੀਨਿਧਤਾ ਕਰ ਚੁੱਕੇ ਹਨ। ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਆਪਣੇ ਛੇ ਉਮੀਦਵਾਰਾਂ ਦੇ ਨਾਂਵਾਂ ਦਾ ਐਲਾਨ ਕਰ ਚੁੱਕੀ ਹੈ ਅਤੇ ਇਸ ਦੇ ਬਾਅਦ ਸਿਰਫ ਤਿੰਨ ਹਲਕਿਆਂ ਲਈ ਨਾਂਅ ਐਲਾਨ ਕਰਨੇ ਬਾਕੀ ਹਨ।

ਅੱਜ ਹੀ ਕਾਂਗਰਸ ਪਾਰਟੀ ਨੇ ਬਿਹਾਰ ਦੇ ਪਟਨਾ ਸਾਹਿਬ ਪਾਰਲੀਮੈਂਟ ਹਲਕੇ ਤੋਂ ਭਾਜਪਾ ਛੱਡ ਕੇ ਕਾਂਗਰਸ ਵਿੱਚ ਆਏ ਫਿਲਮ ਸਟਾਰ ਸ਼ਤਰੂਘਨ ਸਿਨਹਾ ਨੂੰ ਅਤੇ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਲੋਕ ਸਭਾ ਹਲਕੇ ਤੋਂ ਰਾਮ ਲਾਲ ਠਾਕੁਰ ਨੂੰ ਉਮੀਦਵਾਰ ਐਲਾਨ ਕੀਤਾ ਹੈ। ਸ਼ਨਿਚਰਵਾਰ ਸਵੇਰੇ ਰਾਹੁਲ ਗਾਂਧੀ ਨਾਲ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਸੂਬਾ ਇੰਚਾਰਜ ਆਸ਼ਾ ਕੁਮਾਰੀ ਦੀ ਬੈਠਕ ਵਿਚ ਤਿੰਨਾਂ ਸੀਟਾਂ ਦੇ ਉਮੀਦਵਾਰਾਂ ਦੇ ਨਾਵਾਂ ਉੱਤੇ ਸਹਿਮਤੀ ਬਣ ਗਈ, ਪਰ ਚਾਰ ਬਾਕੀ ਸੀਟਾਂ ਬਾਰੇ ਝਗੜਾ ਨਹੀਂ ਮੁੱਕ ਸਕਿਆ। ਕਾਂਗਰਸ ਦੇ ਸੂਤਰਾਂ ਮੁਤਾਬਕ ਬੈਠਕ ਵਿੱਚ ਅਨੰਦਪੁਰ ਸਾਹਿਬ ਤੋਂ ਮਨੀਸ਼ ਤਿਵਾੜੀ ਦਾ ਨਾਂ ਦੇਖ ਕੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਖਿਝ ਗਏ ਤੇ ਪਾਰਟੀ ਆਗੂਆਂ ਨੂੰ ਏਥੋਂ ਨਵਾਂ ਪੈਨਲ ਬਣਾਉਣ ਨੂੰ ਕਹਿ ਦਿੱਤਾ ਹੈ। ਵਰਨਣ ਯੋਗ ਹੈ ਕਿ ਮਨੀਸ਼ ਤਿਵਾੜੀ ਨੇ ਚੰਡੀਗੜ੍ਹ ਤੋਂ ਕਾਂਗਰਸ ਟਿਕਟ ਲਈ ਅਰਜ਼ੀ ਦਿੱਤੀ ਸੀ, ਪਰ ਓਥੋਂ ਵੀ ਪਵਨ ਬਾਂਸਲ ਨੂੰ ਟਿਕਟ ਮਿਲ ਗਈ ਹੈ।



ਡਾ: ਅਮਰ ਸਿੰਘ



ਮੁਹੰਮਦ ਸਦੀਕ

ਇਸ ਦੌਰਾਨ ਆਮ ਆਦਮੀ ਪਾਰਟੀ ਨੇ ਅੱਜ ਪੰਜਾਬ ਦੇ ਦੋ ਹੋਰ ਲੋਕ ਸਭਾ ਹਲਕਿਆਂ ਪਟਿਆਲਾ ਅਤੇ ਫ਼ਿਰੋਜ਼ਪੁਰ ਲਈ ਪਾਰਟੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਪਾਰਟੀ ਦੇ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਤੇ ਕੋਰ ਕਮੇਟੀ ਪੰਜਾਬ ਦੇ ਚੇਅਰਮੈਨ ਤੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੇ ਮੁਤਾਬਕ ਪਟਿਆਲਾ ਤੋਂ ਸ੍ਰੀਮਤੀ ਨੀਨਾ ਮਿੱਤਲ ਅਤੇ ਫਿਰੋਜ਼ਪੁਰ ਤੋਂ ਹਰਜਿੰਦਰ ਸਿੰਘ ਕਾਕਾ ਸਰਾਂ ਉਮੀਦਵਾਰ ਹੋਣਗੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗਰੈਜੂਏਟ ਨੀਨਾ ਮਿੱਤਲ (47) ਇਸ ਜ਼ਿਲੇ ਦੇ ਰਾਜਪੁਰਾ ਸ਼ਹਿਰ ਤੋਂ ਹਨ ਅਤੇ ਪੰਜਾਬ ਪਾਰਟੀ ਦੇ ਟਰੇਡ ਵਿੰਗ ਦੇ ਪ੍ਰਧਾਨ ਹੋਣ ਦੇ ਨਾਲ ਸਫਲ ਬਿਜ਼ਨੈੱਸ ਵੂਮੈਨ ਤੇ ਸਮਾਜ ਸੇਵੀ ਵਜੋਂ ਕਈ ਸੰਸਥਾਵਾਂ ਨਾਲ ਜੁੜੇ ਹੋਏ ਹਨ। ਫ਼ਿਰੋਜ਼ਪੁਰ ਜ਼ਿਲੇ ਦੇ ਤਲਵੰਡੀ ਭਾਈ ਦੇ ਕਿਸਾਨ ਹਰਜਿੰਦਰ ਸਿੰਘ ਕਾਕਾ ਸਰਾਂ (48) ਵੀ ਪੰਜਾਬ ਯੂਨੀਵਰਸਿਟੀ ਪਟਿਆਲਾ ਤੋਂ ਗਰੈਜੂਏਟ ਹਨ। ਇਨ੍ਹਾਂ ਦੋਵਾਂ ਨਾਵਾਂ ਦੀ ਚੋਣ ਪਾਰਟੀ ਦੀ ਪੰਜਾਬ ਦੀ ਕੋਰ ਕਮੇਟੀ ਨੇ ਕੀਤੀ ਹੈ।

ਦੂਸਰੇ ਪਾਸੇ ਭਾਜਪਾ ਨੇ ਅੱਜ 24 ਉਮੀਦਵਾਰਾਂ ਦੀ ਇੱਕ ਹੋਰ ਸੂਚੀ ਜਾਰੀ ਕੀਤੀ ਹੈ, ਜਿਸ ਵਿੱਚ ਹਰਿਆਣਾ ਦੇ 8 ਉਮੀਦਵਾਰ ਸ਼ਾਮਲ ਹਨ। ਇਸ ਲਿਸਟ ਵਿੱਚ 24 ਲੋਕ ਸਭਾ ਉਮੀਦਵਾਰਾਂ ਦੇ ਨਾਲ 2 ਵਿਧਾਨ ਸਭਾ ਉਮੀਦਵਾਰਾਂ ਦੇ ਨਾਂਵਾਂ ਦਾ ਐਲਾਨ ਵੀ ਕੀਤਾ ਗਿਆ ਹੈ, ਜਿਸ ਨਾਲ ਅੱਜ ਤੱਕ ਭਾਜਪਾ 407 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਚੁੱਕੀ ਹੈ। ਹਰਿਆਣਾ ਦੀ ਅੰਬਾਲਾ ਸੀਟ ਤੋਂ ਰਤਨ ਲਾਲ ਕਟਾਰੀਆ, ਕਰੂਕਸ਼ੇਤਰ ਤੋਂ ਨਾਇਬ ਸਿੰਘ ਸੈਣੀ, ਸਿਰਸਾ ਤੋਂ ਸੁਨੀਤਾ ਦੁੱਗਲ, ਕਰਨਾਲ ਤੋਂ ਸੰਜੈ ਭਾਟੀਆ, ਸੋਨੀਪਤ ਤੋਂ ਰਮੇਸ਼ ਚੰਦਰ ਕੌਸ਼ਿਕ, ਮਹੇਂਦਰਗੜ੍ਹ ਤੋਂ ਧਰਮਵੀਰ ਸਿੰਘ, ਗੁਰੂਗ੍ਰਾਮ ਤੋਂ ਰਾਓ ਇੰਦਰਜੀਤ ਸਿੰਘ, ਫਰੀਦਾਬਾਦ ਤੋਂ ਕ੍ਰਿਸ਼ਨਪਾਲ ਗੁਰਜਰ ਨੂੰ ਭਾਜਪਾ ਟਿਕਟ ਮਿਲੀ ਹੈ। ਰਾਜਸਥਾਨ ਤੇ ਉੱਤਰ ਪ੍ਰਦੇਸ਼ ਤੋਂ 4-4, ਮੱਧ ਪ੍ਰਦੇਸ਼ ਅਤੇ ਝਾਰਖੰਡ ਤੋਂ 3-3, ਓਡੀਸ਼ਾ ਅਤੇ ਪੱਛਮੀ ਬੰਗਾਲ ਤੋਂ 1-1 ਉਮੀਦਵਾਰ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਹੈ। ਰਾਜਸਥਾਨ ਦੇ ਰਾਜਸਮੰਦ ਤੋਂ ਰਾਜਕੁਮਾਰੀ ਦੀਆ ਕੁਮਾਰੀ ਨੂੰ ਟਿਕਟ ਦਿੱਤੀ ਗਈ ਹੈ। ਓਡੀਸ਼ਾ ਵਿਧਾਨ ਸਭਾ ਲਈ 2 ਹਲਕਿਆਂ ਛਿੰਦਵਾੜਾ ਅਤੇ ਨਿਗਾਸਨ ਉਪ ਚੋਣਾਂ ਲਈ 2 ਉਮੀਦਵਾਰਾਂ ਦੇ ਨਾਂਅ ਐਲਾਨੇ ਗਏ ਹਨ।

## ਗੁਰੂਸਰ ਬੇਅਦਬੀ ਕੇਸ : ਡੇਰਾ ਸਿਰਸਾ ਦੇ ਪ੍ਰੇਮੀ ਜਤਿੰਦਰਬੀਰ ਦੀ ਜ਼ਮਾਨਤ ਅਰਜ਼ੀ ਰੱਦ

ਬਠਿੰਡਾ, 7 ਅਪ੍ਰੈਲ (ਪੋਸਟ ਬਿਊਰੋ)- ਬਠਿੰਡਾ ਦੀ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਦਾਲਤ ਨੇ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਜਤਿੰਦਰਬੀਰ ਇੰਸਾਂ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਜਤਿੰਦਰਬੀਰ ਉਰਫ ਜਿੰਮੀ ਇੰਸਾਂ ਨੇ ਅਦਾਲਤ ਵਿੱਚ 164 ਦੇ ਬਿਆਨਾਂ 'ਚ ਆਪਣੇ ਗੁਨਾਹ ਕਬੂਲ ਕਰ ਕੇ ਗੁਰੂਸਰ ਵਿਖੇ ਵਾਪਰੇ ਬੇਅਦਬੀ ਮਾਮਲੇ ਵਿੱਚ ਉਸ ਦੇ ਸਹਿਯੋਗੀਆਂ ਦੇ ਨਾਂਅ ਵੀ ਦੱਸ ਦਿੱਤੇ ਸਨ।

ਵਰਨਣ ਯੋਗ ਹੈ ਕਿ ਜਤਿੰਦਰਬੀਰ ਵੱਲੋਂ ਬੇਅਦਬੀ ਕਰਨ ਦੇ ਕੰਮ ਵਿੱਚ ਕੁਝ ਡੇਰਾ ਪ੍ਰੇਮੀਆਂ ਦੇ ਨਾਵਾਂ ਦੀ ਜਾਂਚ ਕਰਦਿਆਂ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਅਦਾਲਤ ਵਿੱਚ ਪੇਸ਼ ਕੀਤਾ ਸੀ, ਜਿਨ੍ਹਾਂ ਨੇ ਧਾਰਾ 27 ਅਧੀਨ ਆਪਣੇ ਦੋਸ਼ ਕਬੂਲ ਕਰ ਲਏ ਸਨ। ਕੱਲ੍ਹ ਦੀ ਸੁਣਵਾਈ ਮੌਕੇ ਸਿੱਖ ਜਥੇਬੰਦੀਆਂ ਵੱਲੋਂ ਅਦਾਲਤ 'ਚ ਪੇਸ਼ ਹੋਏ ਸੀਨੀਅਰ ਵਕੀਲ ਹਰਪਾਲ ਸਿੰਘ ਖਾਰਾ ਨੇ ਦੱਸਿਆ ਕਿ ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਲਾਂਬਾ ਨੇ ਦੋਵਾਂ ਧਿਰਾਂ ਦੀ ਬਹਿਸ ਸੁਣਨ ਪਿੱਛੋਂ ਪਿਛਲੀ ਤਰੀਕ 'ਤੇ ਫੈਸਲਾ ਰਾਖਵਾਂ ਰੱਖਿਆ ਸੀ ਤੇ ਇਸ ਫੈਸਲਾ ਅਨੁਸਾਰ ਉਨ੍ਹਾਂ ਜਤਿੰਦਰਬੀਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਦੋਸ਼ੀ ਨੇ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਖੇ ਪੇਸ਼ੀ ਭੁਗਤੀ ਹੈ।

## ਭਾਖੜਾ ਨਹਿਰ ਵਿੱਚ ਕਾਰ ਡਿੱਗਣ ਕਾਰਨ ਪਰਵਾਰ ਦੇ ਚਾਰ ਜੀਆਂ ਦੀ ਮੌਤ

ਪਟਿਆਲਾ, 7 ਅਪ੍ਰੈਲ (ਪੋਸਟ ਬਿਊਰੋ)- ਇਥੇ ਨਾਭਾ ਰੋਡ 'ਤੇ ਭਾਖੜਾ ਨਹਿਰ ਵਿੱਚ ਕਾਰ ਡਿੱਗਣ ਨਾਲ ਇਸ ਸ਼ਹਿਰ ਦੇ ਇੱਕ ਰਸੂਖਵਾਨ ਪਰਵਾਰ ਦੇ ਚਾਰ ਜੀਅ ਮਾਰੇ ਗਏ, ਜਿਨ੍ਹਾਂ ਵਿੱਚ ਐਲੀ ਆਈਲੈਟਸ ਅਤੇ ਇਮੀਗਰੇਸ਼ਨ ਇੰਸਟੀਚਿਊਟ ਦਾ ਮਾਲਕ ਪਰਮਵੀਰ (33) ਤੇ ਉਸ ਦੀ ਪਤਨੀ ਦੀਪਸ਼ਿਖਾ, ਬੇਟੀ ਲੀਜ਼ਾ ਤੇ ਬੇਟਾ ਸੁਸ਼ਾਂਤ ਸ਼ਾਮਲ ਹੈ। ਪਟਿਆਲਾ ਦੀ ਆਦਰਸ਼ ਕਲੋਨੀ ਦੇ ਇਸ ਪਰਵਾਰ ਦੇ ਬੱਚੇ ਡੀ ਏ ਵੀ ਸਕੂਲ ਦੇ ਵਿਦਿਆਰਥੀ ਸਨ।





ਮਿਲੇ ਵੇਰਵੇ ਮੁਤਾਬਕ ਹਾਦਸਾ ਦਿਨੇ ਸਾਢੇ ਗਿਆਰ੍ਹਾਂ ਵਜੇ ਨਾਭਾ ਰੋਡ ਸਥਿਤ ਭਾਖੜਾ ਪੁਲ ਕੋਲ ਮੌਜੂਦ ਲੋਕਾਂ ਦੇ ਵੇਖਦੇ ਹੋਏ ਤੇਜ਼ ਰਫਤਾਰ ਵਿੱਚ ਐਂਡੇਵਰ ਐੱਸ ਯੂ ਵੀ ਪੁਲ ਦੇ ਨਾਲ ਪਟੜੀ ਵਾਲੇ ਪਾਸਿਉਂ ਭਾਖੜਾ ਨਹਿਰ ਵਿੱਚ ਜਾ ਡਿੱਗੀ ਅਤੇ ਜਲਦੀ ਹੀ ਪਾਣੀ ਵਿੱਚ ਡੁੱਬ ਗਈ, ਪਰ ਕੁਝ ਪਲਾਂ ਲਈ ਜਦ ਕਾਰ ਦਾ ਕੁਝ ਹਿੱਸਾ ਪਾਣੀ ਤੋਂ ਉਤਾਂਹ ਸੀ ਤਾਂ ਦੋਵੇਂ ਬੱਚੇ ਕਾਰ ਦੇ ਸ਼ੀਸ਼ਿਆਂ 'ਤੇ ਹੱਥ ਮਾਰਦੇ ਚੀਕਾਂ ਮਾਰ ਰਹੇ ਸਨ। ਘਟਨਾ ਸਥਾਨ ਕੋਲ ਮੌਜੂਦ ਭੋਲੇ ਸ਼ੰਕਰ ਡਾਈਵਰਜ਼ ਕਲੱਬ ਦੇ ਗੋਤਾਖੋਰ ਜਲਦੀ ਹੀ ਨਹਿਰ ਵਿੱਚ ਉੱਤਰੇ ਤੇ ਉਨ੍ਹਾਂ ਨੇ ਨਹਿਰ ਦੇ ਹੇਠਲੇ ਤਲ ਤੋਂ ਕਾਰ ਲੱਭ ਕੇ ਰੱਸੀਆਂ ਨਾਲ ਬੰਨ੍ਹ ਕੇ ਇਸ ਨੂੰ ਅੱਗੇ ਜਾਣ ਤੋਂ ਰੋਕ ਲਿਆ। ਉਦੋਂ ਤੱਕ ਚਾਰਾਂ ਜੀਆਂ ਦੀ ਮੌਤ ਹੋ ਚੁੱਕੀ ਸੀ।

ਕਾਰ ਡਿੱਗਣ ਦੀ ਇਸ ਘਟਨਾ ਤੋਂ ਕੁਝ ਸਮਾਂ ਪਹਿਲਾਂ 55 ਸਾਲਾ ਔਰਤ ਨੇ ਭਾਖੜਾ ਵਿੱਚ ਛਾਲ ਮਾਰ ਦਿੱਤੀ ਸੀ, ਜਿਸ ਨੂੰ ਗੋਤਾਖੋਰਾਂ ਨੇ ਬਚਾ ਲਿਆ। ਭੋਲੇ ਸ਼ੰਕਰ ਡਾਈਵਰਜ਼ ਕਲੱਬ ਦੇ ਪ੍ਰਧਾਨ ਸ਼ੰਕਰ ਭਾਰਦਵਾਜ ਨੇ ਦੱਸਿਆ ਕਿ ਇੱਕ ਲੜਕੀ ਨੇ ਸ਼ਾਮ ਨੂੰ ਇਥੇ ਭਾਖੜਾ ਵਿੱਚ ਛਾਲ ਮਾਰ ਦਿੱਤੀ ਤੇ ਉਸ ਨੂੰ ਵੀ ਇਨ੍ਹਾਂ ਗੋਤਾਖੋਰਾਂ ਨੇ ਜਿਊਂਦੀ ਕੱਢਿਆ ਸੀ।

## ਚੋਣ ਕਮਿਸ਼ਨ ਨੇ ਬਠਿੰਡਾ ਦਾ ਡਿਪਟੀ ਕਮਿਸ਼ਨਰ ਬਦਲਿਆ

### * ਬੀ ਸ੍ਰੀਨਿਵਾਸਨ ਨਵੇਂ ਡਿਪਟੀ ਕਮਿਸ਼ਨਰ ਲਾਏ ਗਏ

ਚੰਡੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਬਠਿੰਡਾ ਦੇ ਡਿਪਟੀ ਕਮਿਸ਼ਨਰ ਪਰਨੀਤ ਭਾਰਦਵਾਜ ਨੂੰ ਬਦਲਣ ਦੇ ਹੁਕਮ ਦੇਣ ਪਿੱਛੋਂ ਚੋਣ ਕਮਿਸ਼ਨ ਨੇ 2011 ਬੈਚ ਦੇ ਆਈ ਏ ਐੱਸ ਅਧਿਕਾਰੀ ਬੀ ਸ੍ਰੀਨਿਵਾਸਨ ਨੂੰ ਨਵਾਂ ਡਿਪਟੀ ਕਮਿਸ਼ਨਰ ਲਾ ਦਿੱਾ ਹੈ। ਕਮਿਸ਼ਨ ਨੇ ਸਵਾ ਦੋ ਸੌ ਐੱਸ ਪੀਜ਼ ਅਤੇ ਡੀ ਐੱਸ ਪੀਜ਼ ਦੀ ਤੈਨਾਤੀ ਬਾਰੇ ਸਪੱਸ਼ਟੀਕਰਨ ਵੀ ਪੰਜਾਬ ਸਰਕਾਰ ਤੋਂ ਮੰਗਿਆ ਹੈ। ਪਾਰਲੀਮੈਂਟ ਚੋਣਾਂ ਦਾ ਅਮਲ ਸ਼ੁਰੂ ਹੋਣ ਪਿੱਛੋਂ ਕਮਿਸ਼ਨ ਵੱਲੋਂ ਡਿਪਟੀ ਕਮਿਸ਼ਨਰ ਨੂੰ ਤਬਦੀਲ ਕਰਨ ਦੇ ਮਾਮਲੇ ਵਿੱਚ ਪਹਿਲਾ ਪ੍ਰਸ਼ਾਸਕੀ ਫੇਰਬਦਲ ਬਠਿੰਡਾ ਵਿੱਚ ਹੋਇਆ ਹੈ।

ਜਾਣਕਾਰ ਸੂਤਰਾਂ ਮੁਤਾਬਕ ਪੰਜਾਬ ਵਿੱਚ ਲੋਕ ਸਭਾ ਚੋਣਾਂ ਲਈ ਨੋਟੀਫਿਕੇਸ਼ਨ ਹੋਣ ਪਿੱਛੋਂ ਕੁਝ ਹੋਰ ਸਿਵਲ ਅਤੇ ਪੁਲਸ ਅਫਸਰਾਂ ਦੇ ਤਬਾਦਲੇ ਹੋਣ ਦੇ ਵੀ ਆਸਾਰ ਹਨ। ਚੋਣ ਦਫਤਰ ਦੇ ਸੂਤਰਾਂ ਮੁਤਾਬਕ ਬਠਿੰਡਾ ਤੋਂ ਤਬਦੀਲ ਕੀਤੇ ਗਏ ਆਈ ਏ ਐੱਸ ਅਫਸਰ ਪਰਨੀਤ ਭਾਰਦਵਾਜ ਦੀ ਸੇਵਾਮੁਕਤੀ ਇਸ 31 ਅਗਸਤ ਨੂੰ ਹੋਣੀ ਹੈ, ਇਸ ਲਈ ਉਸ ਨੂੰ ਚੋਣਾਂ ਨਾਲ ਸੰਬੰਧਤ ਅਹਿਮ ਡਿਊਟੀ ਤੋਂ ਲਾਂਭੇ ਕੀਤਾ ਗਿਆ ਹੈ। ਚੋਣ ਕਮਿਸ਼ਨ ਵੱਲੋਂ ਬਠਿੰਡਾ ਦਾ ਡੀ ਸੀ ਬਦਲ ਦੇਣ ਦਾ ਫੈਸਲਾ ਰਾਜ ਸਰਕਾਰ ਲਈ ਵੀ ਝਟਕਾ ਹੈ, ਕਿਉਂਕਿ ਉਸ ਨੂੰ ਇੱਕ ਮੰਤਰੀ ਦੀ ਸਿਫਾਰਸ਼ 'ਤੇ ਏਥੇ ਲਾਇਆ ਗਿਆ ਸੀ। ਪਰਨੀਤ ਭਾਰਦਵਾਜ ਨੂੰ ਬਦਲਣ ਦੀ ਮੰਗ ਅਕਾਲੀ ਦਲ ਨੇ ਕੀਤੀ ਤਾਂ ਇਸ ਅਧਿਕਾਰੀ ਉੱਤੇ ਪੱਖਪਾਤੀ ਰਵੱਈਆ ਅਪਣਾਉਣ ਦੇ ਦੋਸ਼ ਵੀ ਲਾਏ ਸਨ। ਸਰਕਾਰ ਦਾ ਦਾਅਵਾ ਹੈ ਕਿ ਡਿਪਟੀ ਕਮਿਸ਼ਨਰ ਨੂੰ ਸਿਰਫ ਸੇਵਾਮੁਕਤੀ ਨੇੜੇ ਹੋਣ ਕਰ ਕੇ ਬਦਲਿਆ ਗਿਆ ਹੈ। ਬਠਿੰਡਾ ਹਲਕਾ ਪੰਜਾਬ ਦੇ ਸਭ ਤੋਂ ਵੱਧ ਚਰਚਿਤ ਚੋਣ ਹਲਕਿਆਂ ਵਿੱਚੋਂ ਹੈ। ਚੋਣ ਕਮਿਸ਼ਨ ਨੇ ਇਸ ਦੀ ਸੰਵੇਦਨਸ਼ੀਲ ਚੋਣ ਖੇਤਰ ਵਜੋਂ ਨਿਸ਼ਾਨਦੇਹੀ ਕੀਤੀ ਹੈ। ਇਸ ਲਈ ਕਮਿਸ਼ਨ ਨੇ ਇਸ ਖੇਤਰ ਦੇ ਅਫਸਰਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਹੋਈ ਹੈ।

ਇਸ ਦੌਰਾਨ ਚੋਣ ਕਮਿਸ਼ਨ ਵੱਲੋਂ ਐਸ ਪੀਜ਼ ਅਤੇ ਡੀ ਐੱਸ ਪੀਜ਼ ਦੀਆਂ ਤੈਨਾਤੀਆਂ ਬਾਰੇ ਸਖਤ ਰੁਖ਼ ਧਾਰਨ ਕਰ ਰੱਖਿਆ ਹੈ। ਪੰਜਾਬ ਸਰਕਾਰ ਨੇ ਚੋਣਾਂ ਦਾ ਐਲਾਨ ਹੋਣ ਵਾਲੇ ਦਿਨ 10 ਮਾਰਚ ਨੂੰ 263 ਐੱਸ ਪੀ ਅਤੇ ਡੀ ਐੱਸ ਪੀ ਰੈਂਕ ਦੇ ਪੁਲਸ ਅਫਸਰ ਟਰਾਂਸਫਰ ਕੀਤੇ ਸਨ। ਤੈਨਾਤੀ ਦੇ ਦਿਨ ਕੁਝ ਕੁ ਅਫਸਰਾਂ ਨੇ ਨਵੀਆਂ ਥਾਂ ਡਿਊਟੀ ਸ਼ੁਰੂ ਕਰ ਲਈ, ਪਰ ਚੋਣ ਜ਼ਾਬਤਾ ਲੱਗਣ ਕਾਰਨ 225 ਅਫਸਰ ਜੁਆਇਨ ਨਹੀਂ ਸਨ ਕਰ ਸਕੇ। ਚੋਣ ਕਮਿਸ਼ਨ ਨੇ ਇਨ੍ਹਾਂ ਸਵਾ ਦੋ ਸੌ ਪੁਲਸ ਅਫਸਰਾਂ ਨੂੰ ਨਵੀਆਂ ਥਾਂ ਸ਼ੁਰੂ ਕਰਨ 'ਤੇ ਇੱਕ ਤਰ੍ਹਾਂ ਪਾਬੰਦੀ ਲਾ ਦਿੱਤੀ ਸੀ। ਰਾਜ ਸਰਕਾਰ ਦੀ ਬੇਨਤੀ ਉੱਤੇ ਮੁੱਖ ਚੋਣ ਅਧਿਕਾਰੀ ਨੇ ਪੁਲਸ ਅਫਸਰਾਂ ਦੀ ਤੈਨਾਤੀ ਦਾ ਮਾਮਲਾ ਚੋਣ ਕਮਿਸ਼ਨ ਨੂੰ ਭੇਜ ਦਿੱਤਾ ਸੀ। ਚੋਣ ਕਮਿਸ਼ਨ ਵੱਲੋਂ ਰਾਜ ਸਰਕਾਰ ਨੂੰ ਪੁੱਛਿਆ ਗਿਆ ਹੈ ਕਿ ਐੱਸ ਪੀ ਅਤੇ ਡੀ ਐੱਸ ਪੀ ਰੈਂਕ ਦੇ ਪੁਲਸ ਅਫਸਰਾਂ ਦੀ ਤੈਨਾਤੀ ਚੋਣ ਜ਼ਾਬਤਾ ਲੱਗਣ ਵਾਲੇ ਦਿਨ ਹੀ ਕਿਉਂ ਕੀਤੀ ਸੀ, ਇਸ ਦੀ ਸਥਿਤੀ ਸਪੱਸ਼ਟ ਕੀਤੀ ਜਾਵੇ ਕਿਉਂਕਿ ਚੋਣ ਕਮਿਸ਼ਨ ਨੇ ਸਿਵਲ ਤੇ ਪੁਲਸ ਅਫਸਰਾਂ ਦੇ ਤਬਾਦਲਿਆਂ ਦਾ ਅਮਲ 28 ਫਰਵਰੀ ਤੋਂ ਪਹਿਲਾਂ ਮੁਕੰਮਲ ਕਰਨ ਨੂੰ ਕਿਹਾ ਸੀ ਤੇ ਸੂਬਾ ਸਰਕਾਰ ਨੇ ਇਹ ਬਦਲੀਆਂ 10 ਮਾਰਚ ਨੂੰ ਕੀਤੀਆਂ ਸਨ। ਜਾਣਕਾਰ ਸੂਤਰਾਂ ਮੁਤਾਬਕ ਪੰਜਾਬ ਸਰਕਾਰ ਨੇ ਚੋਣ ਕਮਿਸ਼ਨ ਨੂੰ ਜਵਾਬ ਭੇਜ ਦਿੱਤਾ ਹੈ, ਜਿਸ ਵਿੱਚ ਸਰਹੱਦੀ ਸੂਬਾ ਹੋਣ ਦਾ ਤਰਕ ਦਿੱਤਾ ਗਿਆ ਤੇ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਕਾਨੂੰਨ ਵਿਵਸਥਾ ਅਤੇ ਜਾਂਚ ਦੋਵਾਂ ਦਾ ਵਖਰੇਵਾਂ ਕਰਨ ਕਰ ਕੇ ਨਵੀਆਂ ਅਸਾਮੀਆਂ ਕਾਇਮ ਕੀਤੀਆਂ ਹਨ, ਜਿਸ ਕਰ ਕੇ ਤਾਜ਼ਾ ਨਿਯੁਕਤੀਆਂ ਕੀਤੀਆਂ ਹਨ।

## ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਸੜਕ ਦਾ ਕੰਮ ਸ਼ੁਰੂ

ਬਟਾਲਾ, 6 ਅਪ੍ਰੈਲ (ਪੋਸਟ ਬਿਊਰੋ)- ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਈ ਲਾਂਘੇ ਦਾ ਕੰਮ ਭੂਮੀ ਪੂਜਨ ਪਿੱਛੋਂ ਕੱਲ੍ਹ ਜੈਕਾਰਿਆਂ ਨਾਲ ਸ਼ੁਰੂ ਹੋ ਗਿਆ। ਵਰਨਣ ਯੋਗ ਹੈ ਕਿ ਪਾਕਿ-ਸਤਾਨ ਸਰਕਾਰ ਨੇ ਕਰਤਾਰਪੁਰ ਸਾਹਿਬ ਲਾਂਘੇ ਦਾ ਕੰਮ ਅੱਧੇ ਤੋਂ ਵੱਧ ਮੁਕੰਮਲ ਕਰ ਲਿਆ ਹੈ, ਪਰ ਭਾਰਤ ਵਾਲੇ ਪਾਸੇ ਜ਼ਮੀਨ ਐਕੁਆਇਰ ਕੀਤੇ ਜਾਣ ਪਿੱਛੋਂ ਅਗਲਾ ਕੰਮ ਕੱਲ੍ਹ ਸ਼ਾਮ ਕੁਝ ਰਸਮਾਂ ਮਗਰੋਂ ਸ਼ੁਰੂ ਹੋਇਆ ਹੈ। ਇਸ ਤੋਂ ਪਹਿਲਾਂ ਕਿਸਾਨਾਂ ਤੋਂ ਲਾਂਘੇ ਅਤੇ ਹੋਰ ਜ਼ਰੂਰੀ ਇਮਾਰਤਾਂ ਲਈ ਜ਼ਮੀਨ ਗ੍ਰਹਿਣ ਕਰਨ ਦੌਰਾਨ ਢੁਕਵੇਂ ਭਾਅ ਬਾਰੇ ਕਈ ਅੜਿਕੇ ਪੈਂਦੇ ਰਹੇ ਸਨ।


We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344





# ਭਾਜਪਾ ਆਗੂ ਨੇ ਦੇਵੀ-ਦੇਵਤਿਆਂ ਨੂੰ ਵੀ ਚੌਕੀਦਾਰ ਕਿਹਾ, ਵੀਡੀਓ ਫੈਲ ਗਈ

ਸ਼ਾਹਜਹਾਂਪੁਰ, 7 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਆਗੂ ਨੇ ਯੂਥ ਸੰਮੇਲਨ ਵਿੱਚ ਦੇਵੀ ਦੇਵਤਿਆਂ ਨੂੰ ਵੀ 'ਚੌਕੀਦਾਰ' ਕਰਾਰ ਦੇ ਕੇ ਮੰਚ ਤੋਂ ਨਾਅਰੇ ਲਗਵਾਏ ਤਾਂ ਇਸ ਦੀ ਵੀਡੀਓ ਸੋਸ਼ਲ ਮੀਡੀਆ ਵਿੱਚ ਕਾਫੀ ਵਾਇਰਲ ਹੋ ਰਹੀ ਹੈ। ਇਹ ਘਟਨਾ ਯੂ ਪੀ ਦੇ ਜ਼ਿਲ੍ਹੇ ਸ਼ਾਹਜਹਾਂਪੁਰ ਦੇ ਜਲਾਲਾਬਾਦ ਦੀ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਸੰਮੇਲਨ ਦੋ ਅਪ੍ਰੈਲ ਨੂੰ ਹੋਇਆ ਸੀ, ਜਿੱਥੇ ਬ੍ਰਜ ਇਲਾਕੇ ਦੇ ਸਾਬਕਾ ਕਨਵੀਨਰ ਮਨੋਜ ਕਸ਼ਯਪ ਨੇ ਭਾਸ਼ਣ ਵੇਲੇ ਮੰਚ ਤੋਂ 'ਮੇਰਾ ਮੋਦੀ ਚੌਕੀਦਾਰ,



ਮੇਰਾ ਕਿਸਾਨ ਚੌਕੀਦਾਰ, ਮੇਰਾ ਸ਼ੰਕਰ ਚੌਕੀਦਾਰ, ਮੇਰਾ ਰਾਮ ਚੌਕੀਦਾਰ ਅਤੇ ਮੇਰਾ ਹਨੂਮਾਨ ਚੌਕੀਦਾਰ' ਦੇ ਨਾਅਰੇ ਲਵਾਏ। ਕਸ਼ਯਪ ਨੂੰ ਸ਼ਾਹਜਹਾਂਪੁਰ ਲੋਕ ਸਭਾ ਸੀਟ ਤੋਂ ਸਟਾਰ ਪ੍ਰਚਾਰਕ ਬਣਾਇਆ ਗਿਆ ਹੈ। ਸੰਮੇਲਨ ਵਿੱਚ ਮੁੱਖ ਮਹਿਮਾਨ ਵਜੋਂ ਸਿੰਜਾਈ ਮੰਤਰੀ ਧਰਮਪਾਲ ਸਿੰਘ ਦੇ ਨਾਲ ਭਾਜਪਾ ਉਮੀਦਵਾਰ ਅਰੁਣ ਸਾਗਰ ਅਤੇ ਹੋਰ ਆਗੂ ਪੁੱਜੇ ਹੋਏ ਸਨ, ਜਿਹੜੇ ਵੀਡੀਓ ਵਿੱਚ ਦਿਖਾਈ ਦੇ ਰਹੇ ਹਨ। ਜ਼ਿਲ੍ਹੇ ਦੇ ਮੁੱਖ ਚੋਣ ਅਧਿਕਾਰੀ ਮਹਿੰਦਰ ਸਿੰਘ ਤੰਵਰ ਨੇ ਇਸ ਬਾਰੇ ਪੁੱਛੇ ਜਾਣ ਉੱਤੇ ਕਿਹਾ ਕਿ ਮਾਮਲਾ ਉਸ ਦੇ ਧਿਆਨ ਵਿੱਚ ਨਹੀਂ ਹੈ ਅਤੇ ਉਹ ਇਸ ਬਾਰੇ ਜ਼ਿਲਾ ਮੈਜਿਸਟਰੇਟ ਤੋਂ ਜਾਣਕਾਰੀ ਲੈ ਕੇ ਜਾਂਚ ਕਰਾਉਣਗੇ ਤੇ ਕਾਰਵਾਈ ਕਰਨਗੇ।

# ਨਸੀਰੂਦੀਨ ਅਤੇ ਹੋਰ ਹਸਤੀਆਂ ਵੱਲੋਂ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ ਦੀ ਅਪੀਲ

ਮੁੰਬਈ, 7 ਅਪ੍ਰੈਲ (ਪੋਸਟ ਬਿਊਰੋ)- ਅਮੋਲ ਪਾਲੇਕਰ, ਨਸੀਰੂਦੀਨ ਸ਼ਾਹ, ਗਿਰੀਸ਼ ਕਰਨਾਡ ਅਤੇ ਊਸ਼ਾ ਗਾਂਗੁਲੀ ਸਮੇਤ 600 ਤੋਂ ਵੱਧ ਥੀਏਟਰ ਹਸਤੀਆਂ ਨੇ ਇੱਕ ਸਾਂਝਾ ਪੱਤਰ ਲਿਖ ਕੇ ਭਾਰਤ ਦੇ ਲੋਕਾਂ ਨੂੰ ਆਖਿਆ ਹੈ ਕਿ ਉਹ ਭਾਜਪਾ ਅਤੇ ਉਨ੍ਹਾਂ ਦੇ ਭਾਈਵਾਲਾਂ ਨੂੰ ਸੱਤਾ ਤੋਂ ਬਾਹਰ ਕਰ ਦੇਣ। ਉਨ੍ਹਾਂ ਦੇ ਦਸਤਖਤਾਂ ਹੇਠ ਕੱਲ੍ਹ ਜਾਰੀ ਪੱਤਰ 'ਚ ਦਲੀਲ ਦਿੱਤੀ ਗਈ ਹੈ ਕਿ ਭਾਜਪਾ ਦੀ ਅਗਵਾਈ ਹੇਠ ਭਾਰਤ ਅਤੇ ਉਸ ਦਾ ਸੰਵਿਧਾਨ ਖਤਰੇ 'ਚ ਹੈ।

ਪਿਛਲੇ ਹਫਤੇ ਇਹੋ ਜਿਹੀ ਅਪੀਲ ਕਰਦੇ ਹੋਏ ਆਨੰਦ ਪਟਵਰਧਨ, ਸਨਲ ਕੁਮਾਰ ਸ਼ਸ਼ੀਧਰਨ ਅਤੇ ਦੇਵਾਸ਼ੀਸ਼ ਮਖੀਜਾ ਸਣੇ ਹੋਰ ਫਿਲਮਸਾਜ਼ਾਂ ਨੇ ਵੋਟਰਾਂ ਨੂੰ ਕਿਹਾ ਸੀ ਕਿ ਫਾਸ਼ੀਵਾਦ ਨੂੰ ਮਾਤ ਦਿੱਤੀ ਜਾਵੇ। ਤਾਜ਼ਾ ਪੱਤਰ 'ਆਰਟਿਸਟ ਯੂਨਾਈਟ ਇੰਡੀਆ' ਵੈਬਸਾਈਟ ਉਤੇ 12 ਭਾਸ਼ਾਵਾਂ 'ਚ ਜਾਰੀ ਕੀਤਾ ਗਿਆ ਹੈ ਜਿਸ 'ਚ ਕਿਹਾ ਗਿਆ ਹੈ ਕਿ ਆਉਂਦੀਆਂ ਲੋਕ ਸਭਾ ਚੋਣਾਂ ਇਸ ਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਨਾਜ਼ੁਕ ਦੌਰ 'ਚ ਹੋ ਰਹੀਆਂ ਹਨ। ਪੱਤਰ 'ਤੇ ਦਸਤਖਤ ਕਰਨ ਵਾਲੇ ਲੋਕਾਂ ਵਿੱਚ ਸ਼ਾਂਤਾ ਗੋਖਲੇ, ਮਹੇਸ਼ ਦੱਤਾਨੀ, ਅਰੁੰਧਤੀ ਨਾਗ, ਕੀਰਤੀ ਜੈਨ, ਅਭਿਸ਼ੇਕ ਮਜੂਮਦਾਰ, ਕੋਂਕਣਾ ਸੇਨ ਸ਼ਰਮਾ, ਰਤਨਾ ਪਾਠਕ ਸ਼ਾਹ, ਲਿਲੀਅਟ ਦੂਬੇ, ਮੀਤਾ ਵਸ਼ਿਸ਼ਟ, ਐਮ ਕੇ ਰੈਣਾ, ਮਕਰੰਦ ਦੇਸ਼ਪਾਂਡੇ ਤੇ ਅਨੁਰਾਗ ਕਸ਼ਯਪ ਸ਼ਾਮਲ ਹਨ। ਇਨ੍ਹਾਂ ਹਸਤੀਆਂ ਨੇ ਕਿਹਾ, 'ਅੱਜ ਭਾਰਤ ਦੀ ਵਿਚਾਰਧਾਰਾ ਖਤਰੇ ਵਿੱਚ ਹੈ। ਗੀਤ, ਨਾਚ, ਹਾਸਾ ਠੱਠਾ ਤੱਕ ਖਤਰੇ ਵਿੱਚ ਹੈ। ਸਾਡਾ ਪਿਆਰਾ ਸੰਵਿਧਾਨ ਵੀ ਖਤਰੇ ਹੇਠ ਹੈ।' ਉਨ੍ਹਾਂ ਕਿਹਾ ਕਿ ਸਰਕਾਰ ਨੇ ਅਦਾਰਿਆਂ ਦਾ ਸਾਹ ਘੁੱਟ ਦਿੱਤਾ ਹੈ, ਜਿਥੇ ਬਹਿਸ ਜਾਂ ਵਿਚਾਰ ਵਟਾਂਦਰਾ ਕਰਨ 'ਤੇ ਨਾਰਾਜ਼ਗੀ ਜਤਾਈ ਜਾਂਦੀ ਸੀ। ਸਵਾਲ ਪੁੱਛਣ, ਬਹਿਸ, ਵਿਚਾਰ ਵਟਾਂਦਰੇ ਅਤੇ ਵਿਰੋਧ ਤੋਂ ਬਿਨਾਂ ਲੋਕਤੰਤਰ ਨਹੀਂ ਚੱਲ ਸਕਦਾ। ਮੌਜੂਦਾ ਸਰਕਾਰ ਨੇ ਇਨ੍ਹਾਂ ਸਾਰਿਆਂ ਦਾ ਘਾਣ ਕੀਤਾ ਹੈ। ਪੰਜ ਸਾਲ ਪਹਿਲਾਂ ਵਿਕਾਸ ਦੇ ਵਾਅਦੇ ਨਾਲ ਸੱਤਾ 'ਚ ਆਈ ਭਾਜਪਾ ਨੇ ਹਿੰਦੂਤਵ ਤਾਕਤਾਂ ਨੂੰ ਨਫਰਤ ਅਤੇ ਹਿੰਸਾ ਦੀ ਸਿਆਸਤ 'ਚ ਦਖਲ ਦੇਣ ਦੀ ਖੁੱਲ੍ਹ ਦੇ ਦਿੱਤੀ ਹੈ।

# ਭਾਜਪਾ ਵਿੱਚ ਹਲਚਲ ਤੇਜ਼: ਜੋਸ਼ੀ ਵੱਲੋਂ ਅਡਵਾਨੀ ਨਾਲ ਘਰ ਜਾ ਕੇ ਮੁਲਾਕਾਤ ਨੇ ਚਰਚੇ ਹੋਰ ਵਧਾਏ

## * ਸੁਮਿੱਤਰਾ ਮਹਾਜਨ ਵੱਲੋਂ ਚਿੱਠੀ: ਮੈਂ ਲੋਕ ਸਭਾ ਚੋਣ ਨਹੀਂ ਲੜਨੀ

ਨਵੀਂ ਦਿੱਲੀ, 7 ਅਪਰੈਲ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਵੱਲੋਂ ਸੀਨੀਅਰ ਨੇਤਾਵਾਂ ਨੂੰ ਲਾਂਭੇ ਕਰਨ ਦੇ ਅਮਲ ਤੋਂ ਜਿਹੜੀ ਹਲਚਲ ਲਾਲ ਕ੍ਰਿਸ਼ਨ ਅਡਵਾਨੀ ਦੇ ਇੱਕ ਦਿਨ ਪਹਿਲਾਂ ਲਿਖੇ ਬਲਾਗ ਨਾਲ ਸ਼ੁਰੂ ਹੋਈ ਸੀ, ਉਹ ਸਿਰਫ ਇੱਕ ਦਿਨ ਦੇ ਅੰਦਰ ਚੋਖੀ ਤੇਜ਼ ਹੋ ਗਈ ਜਾਪਣ ਲੱਗ ਪਈ ਹੈ।

ਅੱਜ ਭਾਜਪਾ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਮੁਰਲੀ ਮਨੋਹਰ ਜੋਸ਼ੀ ਨੇ ਲਾਲ ਕ੍ਰਿਸ਼ਨ ਅਡਵਾਨੀ ਨਾਲ ਉਨ੍ਹਾਂ ਦੇ ਘਰ ਜਾ ਕੇ ਮੁਲਾਕਾਤ ਕੀਤੀ। ਇਸ ਤੋਂ ਇਕ ਦਿਨ ਪਹਿਲਾਂ ਅਡਵਾਨੀ ਨੇ ਬਲਾਗ ਲਿਖਿਆ ਸੀ ਕਿ ਉਨ੍ਹਾਂ ਦੀ ਪਾਰਟੀ ਨੇ ਆਪਣੇ ਨਾਲ ਸਿਆਸੀ ਪੱਖੋਂ ਮੱਤਭੇਦ ਰੱਖਣ ਵਾਲਿਆਂ ਨੂੰ ਕਦੇ 'ਦੇਸ਼ ਧ੍ਰੋਹੀ' ਨਹੀਂ ਕਿਹਾ। ਉਨ੍ਹਾਂ ਦੀ ਇਹ ਟਿੱਪਣੀ ਇਸ ਲਈ ਅਹਿਮ ਮੰਨੀ ਗਈ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਸਮੇਤ ਭਾਜਪਾ ਦੇ ਸੀਨੀਅਰ ਨੇਤਾਵਾਂ ਨੇ ਬਾਲਾਕੋਟ ਹਵਾਈ ਹਮਲਿਆਂ ਪਿੱਛੋਂ ਵਿਰੋਧੀ ਦਲਾਂ ਨੂੰ ਦੇਸ਼-ਧ੍ਰੋਹੀ ਕਿਹਾ ਸੀ ਅਤੇ ਕਿਸੇ ਬਾਰੇ ਵੀ ਇਹ ਸ਼ਬਦ ਵਰਤਣਾ ਅੱਜਕੱਲ੍ਹ ਭਾਜਪਾ ਆਗੂਆਂ ਦਾ ਸ਼ੌਕ ਬਣਦਾ ਜਾਂਦਾ ਹੈ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਮੁਰਲੀ ਮਨੋਹਰ ਜੋਸ਼ੀ ਅੱਜ ਜਦੋਂ ਲਾਲ ਕ੍ਰਿਸ਼ਨ ਅਡਵਾਨੀ ਦੇ ਘਰ ਗਏ ਅਤੇ ਉਨ੍ਹਾਂ ਨਾਲ ਵਿਚਾਰ ਕੀਤੀ ਤਾਂ ਦੋਵਾਂ ਨੇਤਾਵਾਂ ਨੇ ਬੈਠਕ 'ਚ ਹੋਈ ਗੱਲਬਾਤ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਅਡਵਾਨੀ ਅਤੇ ਜੋਸ਼ੀ ਉਨ੍ਹਾਂ ਸੀਨੀਅਰ ਨੇਤਾਵਾਂ ਵਿੱਚੋਂ ਹਨ, ਜਿਨ੍ਹਾਂ ਨੂੰ ਇਸ ਵਾਰੀ ਲੋਕ ਸਭਾ ਚੋਣਾਂ ਲਈ ਟਿਕਟ ਨਹੀਂ ਦਿੱਤੀ



ਗਈ। ਲਾਲ ਕ੍ਰਿਸ਼ਨ ਅਡਵਾਨੀ (91 ਸਾਲ) ਪਹਿਲਾਂ ਜਨ ਸੰਘ ਤੇ ਫਿਰ ਭਾਜਪਾ ਦਾ ਮੁੱਢ ਬੰਨ੍ਹਣ ਵਾਲੇ ਆਗੂਆਂ ਵਿੱਚੋਂ ਹਨ ਅਤੇ ਸਭ ਤੋਂ ਲੰਬਾ ਸਮਾਂ ਪਾਰਟੀ ਪ੍ਰਧਾਨ ਰਹਿਣ ਦੇ ਨਾਲ ਸਾਲ 1991 ਦੇ ਬਾਅਦ 6 ਵਾਰ ਗਾਂਧੀਨਗਰ ਹਲਕੇ ਤੋਂ ਪਾਰਲੀਮੈਂਟ ਵਿੱਚ ਪਹੁੰਚੇ ਹਨ। ਪਾਰਟੀ ਦੇ ਮੋਢੀਆਂ ਵਿੱਚੋਂ ਮੰਨੇ ਜਾਂਦੇ ਮੁਰਲੀ ਮਨੋਹਰ ਜੋਸ਼ੀ ਵੀ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਤੋਂ ਬਾਅਦ ਭਾਜਪਾ ਦੇ ਤੀਜੇ ਪ੍ਰਧਾਨ ਸਨ ਅਤੇ ਉਨ੍ਹਾਂ ਤੋਂ ਪਿਛਲੀ ਵਾਰੀ ਵਾਰਾਣਸੀ ਸੀਟ ਛੁਡਵਾ ਕੇ ਨਰਿੰਦਰ ਮੋਦੀ ਨੇ ਓਥੋਂ ਖੁਦ ਚੋਣ ਲੜੀ ਸੀ। ਓਦੋਂ ਉਨ੍ਹਾਂ ਨੂੰ ਕਾਨਪੁਰ ਤੋਂ ਚੋਣ ਲੜਾਈ ਗਈ, ਪਰ ਇਸ ਵਾਰੀ ਕਾਨਪੁਰ ਤੋਂ ਵੀ ਟਿਕਟ ਨਹੀਂ ਦਿੱਤੀ ਗਈ, ਜਿਸ ਪਿੱਛੋਂ ਉਨ੍ਹਾਂ ਨੇ ਬਿਆਨ ਜਾਰੀ ਕੀਤਾ ਸੀ ਕਿ ਭਾਜਪਾ ਦੇ ਜਨਰਲ ਸਕੱਤਰ ਰਾਮ ਲਾਲ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਪਾਰਟੀ ਲੀਡਰਸ਼ਿਪ ਦਾ ਫੈਸਲਾ ਹੈ ਕਿ ਉਨ੍ਹਾਂ ਨੂੰ ਚੋਣ ਨਹੀਂ ਲੜਨੀ ਚਾਹੀਦੀ।

ਅੱਜ ਹੀ ਪਾਰਟੀ ਦੀ ਸੀਨੀਅਰ ਆਗੂ ਅਤੇ ਲੋਕ ਸਭਾ ਸਪੀਕਰ ਸੁਮਿੱਤਰਾ ਮਹਾਜਨ ਨੇ ਇੰਦੌਰ ਪਾਰਲੀਮੈਂਟ ਸੀਟ ਤੋਂ ਚੋਣ ਲੜਨ ਤੋਂ ਇਨਕਾਰ ਦੀ ਚਿੱਠੀ ਲਿਖ ਦਿੱਤੀ ਹੈ। ਇਸ ਚਿੱਠੀ ਵਿੱਚ ਉਨ੍ਹਾਂ ਕਿਹਾ ਕਿ ਭਾਜਪਾ ਨੇ ਹਾਲੇ ਤਕ ਇੰਦੌਰ ਤੋਂ ਲੋਕ ਸਭਾ ਚੋਣਾਂ ਦੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ, ਸ਼ਾਇਦ ਪਾਰਟੀ ਫ਼ੈਸਲਾ ਲੈਣ ਤੋਂ ਝਿਜਕ ਰਹੀ ਹੈ। ਮੈਂ ਇਸ ਦਾ ਫੈਸਲਾ ਪਾਰਟੀ ਲੀਡਰਸ਼ਿਪ ਉੱਤੇ ਛੱਡ ਦਿੱਤਾ ਸੀ, ਪਰ ਉਨ੍ਹਾਂ ਦੇ ਮਨ ਵਿਚ ਕੁਝ ਸ਼ੱਕ ਹੋਣ ਕਾਰਨ ਮੈਂ ਐਲਾਨ ਕਰਦੀ ਹਾਂ ਕਿ ਮੈਂ ਲੋਕ ਸਭਾ ਚੋਣ ਨਹੀਂ ਲੜਨਾ ਚਾਹੁੰਦੀ, ਪਾਰਟੀ ਆਪਣਾ ਫ਼ੈਸਲਾ ਆਜ਼ਾਦ ਹੋ ਕੇ ਅਤੇ ਬਿਨਾਂ ਝਿਜਕ ਵਾਲੇ ਮਨ ਨਾਲ ਕਰੇ। ਇੰਦੌਰ ਦੇ ਲੋਕਾਂ ਤੇ ਭਾਜਪਾ ਵਰਕਰਾਂ ਦੀ ਮੈਂ ਸ਼ੁਕਰ ਗੁਜ਼ਾਰ ਹਾਂ। ਇਸ ਨਾਲ ਭਾਜਪਾ ਵਿੱਚ ਹਲਚਲ ਹੋਰ ਤੇਜ਼ ਹੋ ਗਈ ਹੈ ਤੇ ਭਾਜਪਾ ਉਸ ਸੀਟ ਤੋਂ ਕਿਸ ਨੂੰ ਖੜਾ ਕਰੇਗੀ, ਇਸ ਬਾਰੇ ਫਿਰ ਵੀ ਸਥਿਤੀ ਸਪੱਸ਼ਟ ਨਹੀਂ ਹੋ ਸਕੀ।

ਭਾਜਪਾ ਲੀਡਰਸ਼ਿਪ ਨੂੰ ਲਿਖੀ ਚਿੱਠੀ ਬਾਹਰ ਆਉਣ ਪਿੱਛੋਂ ਮੀਡੀਆ ਕੋਲ ਸੁਮਿੱਤਰਾ ਮਹਾਜਨ ਨੇ ਇਹ ਮੰਨਿਆ ਕਿ ਇਹ ਪੱਤਰ ਮੈਂ ਹੀ ਲਿਖਿਆ ਤੇ ਭਾਜਪਾ ਪ੍ਰਧਾਨ ਨੂੰ ਭੇਜਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਫ਼ੈਸਲਾ ਲੈਣ ਤੋਂ ਝਿਜਕ ਰਿਹਾ ਸੀ, ਮੈਂ 75 ਸਾਲ ਦੀ ਪਾਬੰਦੀ ਵਾਲੀ ਹੱਦ ਵਿੱਚ ਆ ਗਈ ਹਾਂ, ਇਸ ਲਈ ਇਹ ਐਲਾਨ ਕੀਤਾ ਹੈ ਤਾਂ ਕਿ ਛੇਤੀ ਫ਼ੈਸਲਾ ਹੋ ਜਾਵੇ। ਸੁਮਿੱਤਰਾ ਮਹਾਜਨ ਨੇ ਅੰਤਿਮ ਦਬਾਅ ਬਣਾਉਣ ਬਾਰੇ ਕਿਹਾ ਕਿ ਕੁਝ ਲੋਕ ਵਿਰੋਧ ਕਰਦੇ, ਕਰਦੇ ਰਹਿਣਗੇ, ਇਸ ਦਾ ਮੇਰੇ ਉੱਤੇ ਕੋਈ ਅਸਰ ਨਹੀਂ ਹੁੰਦਾ। ਵਰਨਣ ਯੋਗ ਹੈ ਕਿ ਸੁਮਿੱਤਰਾ ਮਹਾਜਨ ਅੱਠ ਵਾਰ ਲਗਾਤਾਰ ਜਿੱਤੀ ਹੈ। ਉਨ੍ਹਾਂ ਇੱਕ ਸਮੇਂ ਕਾਂਗਰਸ ਦੇ ਪਹਿਲੀ ਕਤਾਰ ਦੇ ਨੇਤਾ ਪ੍ਰਕਾਸ਼ ਚੰਦਰ ਸੇਠੀ ਨੂੰ ਹਰਾ ਕੇ ਇਹ ਸੀਟ ਭਾਜਪਾ ਲਈ ਜਿੱਤੀ ਸੀ। ਸੇਠੀ ਓਦੋਂ ਦੇਸ਼ ਦੇ ਗ੍ਰਹਿ ਮੰਤਰੀ ਸਨ। ਸੁਮਿੱਤਰਾ ਮਹਾਜਨ ਨੌਵੀਂ ਵਾਰ ਚੋਣ ਲੜਨਾ ਚਾਹੁੰਦੀ ਸੀ। ਪਿਛਲੇ ਮਹੀਨੇ ਉਸ ਨੇ ਇਹ ਕਿਹਾ ਸੀ ਕਿ ਇੰਦੌਰ ਦੀ ਚਾਬੀ ਹਾਲੇ ਮੈਂ ਹੀ ਸੰਭਾਲਾਂਗੀ, ਪਰ ਬਾਅਦ ਵਿੱਚ ਸਥਿਤੀ ਬਦਲ ਗਈ ਹੈ।

# ਤਖਤ ਪਟਨਾ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਨੂੰ ਸੰਮਨ ਜਾਰੀ

## * ਦਿੱਲੀ ਘੱਟ ਗਿਣਤੀ ਕਮਿਸ਼ਨ ਨੇ ਦੋਸ਼ਾਂ ਕਾਰਨ ਤਲਬ ਕੀਤਾ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਤਖਤ ਪਟਨਾ ਸਾਹਿਬ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਅਤੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਹਰੀਨਗਰ (ਦਿੱਲੀ) ਦੇ ਚੇਅਰਮੈਨ ਅਵਤਾਰ ਸਿੰਘ ਹਿੱਤ ਨੂੰ ਦਿੱਲੀ ਘੱਟ ਗਿਣਤੀ ਕਮਿਸ਼ਨ ਨੇ ਇਸ ਸਕੂਲ ਵਿੱਚ ਕਰੋੜਾਂ ਰੁਪਏ ਦੇ ਗਬਨ ਅਤੇ ਸਕੂਲ ਫੰਡ ਨੂੰ ਆਪਣੇ ਨਿੰਜੀ ਹਿੱਤਾਂ ਲਈ ਵਰਤਣ ਅਤੇ ਕਈ ਹੋਰ ਆਰਥਿਕ ਬੇਨਿਯਮੀਆਂ ਦੇ ਦੋਸ਼ ਵਿੱਚ ਸੰਮਨ ਜਾਰੀ ਕਰ ਦਿੱਤਾ ਹੈ। ਇਹ ਸੰਮਨ ਦਿੱਲੀ ਘੱਟ ਗਿਣਤੀ ਕਮਿਸ਼ਨ ਦੀ ਸਿੱਖ ਸਲਾਹਕਾਰ ਕਮੇਟੀ ਦੇ ਮੈਂਬਰ ਦਲਜੀਤ ਸਿੰਘ ਖਾਲਸਾ ਦੀ ਸ਼ਿਕਾਇਤ ਉੱਤੇ ਜਾਰੀ ਹੋਏ ਹਨ। ਦਿੱਲੀ ਘੱਟ ਗਿਣਤੀ ਕਮਿਸ਼ਨ ਨੇ ਇਹ ਸੰਮਨ ਅਵਤਾਰ ਸਿੰਘ ਹਿੱਤ ਨੂੰ ਬੀਤੇ ਸਮੇਂ ਦੌਰਾਨ ਭੇਜੇ ਗਏ ਨੋਟਿਸ ਦਾ ਉਸ ਵੱਲੋਂ ਜਵਾਬ ਨਾ ਦੇਣ ਕਾਰਨ ਜਾਰੀ ਕੀਤਾ ਗਿਆ ਹੈ। ਸੰਮਨ ਦੇ ਅਨੁਸਾਰ ਅਵਤਾਰ ਸਿੰਘ ਹਿੱਤ ਨੂੰ 17 ਅਪ੍ਰੈਲ ਨੂੰ ਸ਼ਾਮ ਚਾਰ ਵਜੇ ਕਮਿਸ਼ਨ ਸਾਹਮਣੇ ਇਸ ਬਾਰੇ ਖੁਦ ਸਾਰੇ ਦਸਤਾਵੇਜ਼ ਲੈ ਕੇ ਪੇਸ਼ ਹੋਣਾ ਹੋਵੇਗਾ, ਵਰਨਾ ਕਮਿਸ਼ਨ ਇਸ ਸ਼ਿਕਾਇਤ ਉੱਤੇ ਇਕਤਰਫਾ ਫੈਸਲਾ ਕਰ ਸਕਦਾ ਹੈ।

ਪਤਾ ਲੱਗਾ ਹੈ ਕਿ ਦਲਜੀਤ ਸਿੰਘ ਖਾਲਸਾ ਨੇ ਅਵਤਾਰ ਸਿੰਘ ਹਿੱਤ ਉਤੇ ਆਰਥਿਕ ਬੇਨਿਯਮੀਆਂ ਬਾਰੇ ਕੁੱਲ 13 ਦੋਸ਼ ਇਸ ਸਕੂਲ ਦੀ ਸਾਲ 2016-17 ਦੀ ਆਡਿਟ ਰਿਪੋਰਟ ਦੇ ਆਧਾਰ 'ਤੇ ਲਾਏ ਸਨ। ਇਸ ਰਿਪੋਰਟ 'ਤੇ ਖੁਦ ਹਿੱਤ ਦੇ ਦਸਤਖਤ ਮੌਜੂਦ ਹਨ ਅਤੇ ਇਹ ਆਡਿਟ ਰਿਪੋਰਟ 10 ਮਈ 2018 ਦੀ ਦਲਜੀਤ ਸਿੰਘ ਖਾਲਸਾ ਵੱਲੋਂ ਕੀਤੀ ਗਈ ਸ਼ਿਕਾਇਤ ਅਨੁਸਾਰ ਗੁਰੂ ਤੇਗ ਬਹਾਦਰ ਆਈ ਟੀ ਇੰਸਟੀਚਿਊਟ ਹਰੀ ਨਗਰ (ਨਵੀਂ ਦਿੱਲੀ) ਦੇ ਚੇਅਰਮੈਨ ਹੁੰਦੇ ਹੋਏ ਅਵਤਾਰ ਸਿੰਘ ਹਿੱਤ ਨੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਹਰੀਨਗਰ ਤੋਂ ਇੱਕ ਕਰੋੜ 95 ਲੱਖ ਰੁਪਏ ਤਬਦੀਲ ਕੀਤੇ ਸਨ। ਇਨ੍ਹਾਂ ਵਿੱਚੋਂ 50 ਲੱਖ ਰੁਪਏ 2016 ਵਿੱਚ ਅਤੇ ਇੱਕ ਕਰੋੜ 45 ਲੱਖ 2017 ਵਿੱਚ ਟਰਾਂਸਫਰ ਕੀਤੇ ਗਏ ਸਨ। ਇਸ ਦੇ ਨਾਲ ਸਕੂਲ ਦੀ ਆਡਿਟ ਰਿਪੋਰਟ ਵਿੱਚ ਅਵਤਾਰ ਸਿੰਘ ਹਿੱਤ ਦੇ ਨਾਂਅ 'ਤੇ ਲੋਨ ਅਤੇ ਐਡਵਾਂਸ ਵਜੋਂ 20 ਲੱਖ 11 ਹਜ਼ਾਰ ਰੁਪਏ ਬਕਾਇਆ ਹਨ। ਲਾਏ ਗਏ ਦੋਸ਼ ਅਨੁਸਾਰ ਇੱਕ ਪਾਸੇ ਤਾਂ ਸਕੂਲ ਦੇ 20 ਲੱਖ ਰੁਪਏ ਅਵਤਾਰ ਸਿੰਘ ਹਿੱਤ ਉੱਤੇ ਬਕਾਇਆ ਹਨ ਤੇ ਦੂਜੇ ਪਾਸੇ ਹਰੀਨਗਰ ਬ੍ਰਾਂਚ ਨੇ ਇਸ ਕਮੇਟੀ ਦੇ ਤਿੰਨ ਹੋਰ ਸਕੂਲਾਂ ਤੋਂ 17.5 ਲੱਖ ਰੁਪਏ ਉਧਾਰ ਲਏ ਹੋਏ ਹਨ ਅਤੇ ਨਾਲ ਹੀ ਸਕੂਲਾਂ ਦੀ ਲੱਖਾਂ ਰੁਪਏ ਦੀ ਐੱਫ ਡੀ ਆਰ ਦਾ ਵੀ ਪਤਾ ਨਹੀਂ ਲੱਗ ਰਿਹਾ। ਇਸ ਦੇ ਸੰਬੰਧ ਵਿੱਚ ਗੁਰਦੁਆਰਾ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਰਣਜੀਤ ਕੌਰ ਨੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕੀਤਾ ਤੇ ਕਿਹਾ ਹੈ ਕਿ ਕੁਝ ਲੋਕ ਜਾਣਬੁਝ ਕੇ ਨਵੀਂ ਗੁਰਦੁਆਰਾ ਕਮੇਟੀ ਨੂੰ ਬਦਨਾਮ ਕਰ ਰਹੇ ਹਨ।

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

# ਅਦਾਲਤ ਦੀ ਸਖਤੀ: ਅਗਸਤਾ ਵੈਸਟਲੈਂਡ ਕੇਸ ਵਿੱਚ ਮਿਸ਼ੇਲ ਦੀ ਚਾਰਜਸ਼ੀਟ ਲੀਕ ਕਿਵੇਂ ਹੋਈ

ਨਵੀਂ ਦਿੱਲੀ, 7 ਅਪਰੈਲ, (ਪੋਸਟ ਬਿਊਰੋ)- ਅਗਸਤਾ ਵੈਸਟਲੈਂਡ ਹੈਲੀਕਾਪਟਰ ਕੇਸ ਦੀ ਸਪਲੀਮੈਂਟਰੀ ਚਾਰਜਸ਼ੀਟ ਦੇ ਲੀਕ ਹੋਣ ਦੀ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਗਈ ਹੈ, ਜਿਸ ਬਾਰੇ ਅਦਾਲਤ ਵੀ ਸਖਤ ਹੋਈ ਹੈ। ਅੱਜ ਸ਼ਨਿਚਰਵਾਰ ਦੀ ਸੁਣਵਾਈ ਮੌਕੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਪਟਿਆਲਾ ਹਾਊਸ ਵਿਸ਼ੇਸ਼ ਅਦਾਲਤ ਨੂੰ ਕਿਹਾ ਕਿ ਕੁਝ ਮੀਡੀਆ ਹਾਊਸਾਂ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਜਾਵੇ ਕਿ ਉਨ੍ਹਾਂ ਨੂੰ ਅਦਾਲਤ ਤੋਂ ਪਹਿਲਾਂ ਇਹ ਚਾਰਜਸ਼ੀਟ ਕਿਵੇਂ ਮਿਲੀ ਹੈ? ਅਦਾਲਤ ਨੇ ਕਿਸੇ ਮੀਡੀਆ ਹਾਊਸ ਨੂੰ ਨੋਟਿਸ ਜਾਰੀ ਨਹੀਂ ਕੀਤਾ, ਸਗੋਂ ਈ ਡੀ ਨੂੰ ਜਾਂਚ ਕਰ ਕੇ 11 ਅਪ੍ਰੈਲ ਤਕ ਇਹ ਗੱਲ ਅਦਾਲਤ ਨੂੰ ਦੱਸਣ ਲਈ ਕਿਹਾ ਹੈ ਕਿ ਚਾਰਜਸ਼ੀਟ ਕਿਵੇਂ ਲੀਕ ਹੋਈ ਸੀ।



ਵਿਸ਼ੇਸ਼ ਅਦਾਲਤ ਨੇ ਕੇਸ ਦਾ ਗੰਭੀਰ ਨੋਟਿਸ ਲੈਂਦੇ ਹੋਏ ਦੋਸ਼ੀਆਂ ਵਿੱਚੋਂ ਕ੍ਰਿਸ਼ਚਨ ਮਿਸ਼ੇਲ ਦੇ ਵਪਾਰਕ ਸਹਿਯੋਗੀ ਡੈਵਿਡ ਨਿਗੇਲ ਜੌਨ ਸਿਮਸ ਨੂੰ ਵੀ ਸੰਮਨ ਜਾਰੀ ਕੀਤਾ ਹੈ। ਉਨ੍ਹਾਂ ਨੂੰ 9 ਮਈ ਨੂੰ ਅਦਾਲਤ ਪੇਸ਼ ਹੋਣਾ ਪਵੇਗਾ। ਵਰਨਣ ਯੋਗ ਹੈ ਕਿ ਕ੍ਰਿਸ਼ਚੀਅਨ ਮਿਸ਼ੇਲ ਦੀ ਅਰਜ਼ੀ ਉੱਤੇ ਅਦਾਲਤ ਨੇ ਈ ਡੀ ਨੂੰ ਨੋਟਿਸ ਦਿੱਤਾ ਹੈ, ਕਿਉਂਕਿ ਮਿਸ਼ੇਲ ਨੇ ਅਰਜ਼ੀ ਪੇਸ਼ ਕਰ ਕੇ ਕਿਹਾ ਸੀ ਕਿ ਚਾਰਜਸ਼ੀਟ ਪੇਸ਼ ਕਰਨ ਸਮੇਂ ਉਨ੍ਹਾਂ ਨੂੰ ਚਾਰਜਸ਼ੀਟ ਦੀਆਂ ਕਾਪੀਆਂ ਦੇਣ ਨੂੰ ਕਿਹਾ ਗਿਆ ਤਾਂ ਈ ਡੀ ਨੇ ਇਸ ਦੇ ਵਿਰੁੱਧ ਇਹ ਕਿਹਾ ਸੀ ਕਿ ਅਦਾਲਤ ਨੇ ਹਾਲੇ ਤੱਕ ਚਾਰਜਸ਼ੀਟ ਦਾ ਨੋਟਿਸ ਨਹੀਂ ਲਿਆ, ਇਸ ਲਈ ਕਾਪੀਆਂ ਨਹੀਂ ਦਿੱਤੀਆਂ ਜਾ ਸਕਦੀਆਂ, ਪਰ ਈ ਡੀ ਨੇ ਮੀਡੀਆ ਹਾਊਸਾਂ ਨੂੰ ਉਸ ਦੀ ਕਾਪੀ

# ਪਾਕਿਸਤਾਨ ਨੇ ਭਾਰਤੀ ਉਡਾਨਾਂ ਲਈ ਇੱਕ ਆਰਜ਼ੀ ਰੂਟ ਖੋਲ੍ਹਿਆ

## * ਅਮਰੀਕੀ ਏਅਰਲਾਈਨ ਵੱਲੋਂ ਉਡਾਣਾਂ ਹਾਲੇ ਵੀ ਦੋ ਹਫਤੇ ਸਸਪੈਂਡ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਨੇ ਆਪਣੇ 11 ਹਵਾਈ ਰੂਟਾਂ ਵਿੱਚੋਂ ਇੱਕ ਨੂੰ ਭਾਰਤ ਤੋਂ ਪੱਛਮੀ ਦੇਸ਼ਾਂ ਵੱਲ ਜਾਂਦੀਆਂ ਉਡਾਣਾਂ ਲਈ ਖੋਲ੍ਹ ਦਿੱਤਾ ਹੈ, ਜਿਸ ਨਾਲ ਕੁਝ ਸਾਹ ਸੌਖਾ ਹੋ ਸਕਦਾ ਹੈ। ਇਸ ਸੰਬੰਧ ਵਿੱਚ ਪਾਕਿਸਤਾਨ ਸਰਕਾਰ ਦੇ ਉੱਚ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਦੇ ਦੇਸ਼ ਨੇ ਏਅਰ ਇੰਡੀਆ ਅਤੇ ਤੁਰਕੀ ਏਅਰਲਾਈਨਜ਼ ਵਰਗੀਆਂ ਹਵਾਈ ਕੰਪਨੀਆਂ ਨੇ ਇਸ ਹਵਾਈ ਰੂਟ ਤੋਂ ਉਡਾਣਾਂ ਸ਼ੁਰੂ ਕਰ ਦਿੱਤੀਆਂ ਹਨ। ਅਧਿਕਾਰੀ ਨੇ ਕਿਹਾ ਕਿ ਪਾਕਿਸਤਾਨ ਆਰਜ਼ੀ ਤੌਰ ਉੱਤੇ ਆਪਣੇ ਹਵਾਈ ਰੂਟ ਖੋਲ੍ਹਣ ਲੱਗਾ ਹੈ। ਗੁਆਂਢੀ ਦੇਸ਼ ਨੇ ਬੀਤੇ ਵੀਰਵਾਰ ਪੱਛਮ ਵੱਲੋਂ ਆਉਂਦੀਆਂ ਉਡਾਣਾਂ ਲਈ 11 ਹਵਾਈ ਰੂਟਾਂ ਵਿੱਚੋਂ ਇੱਕ ਖੋਲ੍ਹ ਦਿੱਤਾ ਸੀ। ਪੀ 518 ਦਾ ਹਵਾਈ ਰੂਟ ਖੁੱਲ੍ਹਣ ਦੇ ਬਾਵਜੂਦ ਅਮਰੀਕਾ ਦੀ ਯੂਨਾਈਟਿਡ ਏਅਰਲਾਈਨਜ਼ ਨੇ ਸ਼ੁੱਕਰਵਾਰ ਨੂੰ ਕੀਤੇ ਐਲਾਨ ਮੁਤਾਬਕ ਨੇਵਾਰਕ ਹਵਾਈ ਅੱਡੇ ਤੋਂ ਦਿੱਲੀ ਤੱਕ ਜਾਣ ਵਾਲੀਆਂ ਆਪਣੀਆਂ ਉਡਾਣਾਂ ਨੂੰ ਦੋ ਹਫਤੇ ਲਈ ਸਸਪੈਂਡ ਕਰ ਦਿੱਤਾ ਹੈ। ਭਾਰਤੀ ਹਵਾਈ ਫੌਜ ਵੱਲੋਂ ਬਾਲਾਕੋਟ ਵਿਚਲੇ ਦਹਿਸ਼ਤੀ ਕੈਂਪ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਵਾਈ ਹਮਲੇ ਮਗਰੋਂ ਪਾਕਿ-ਸਤਾਨ ਨੇ ਆਪਣਾ ਹਵਾਈ ਖੇਤਰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਸੀ। ਉਸ ਨੇ 27 ਮਾਰਚ ਨੂੰ ਬੈਂਕਾਕ, ਨਵੀਂ ਦਿੱਲੀ ਤੇ ਕੁਆਲਾਲੰਪੁਰ ਜਾਣ ਵਾਲੀਆਂ ਸਾਰੀਆਂ ਉਡਾਣਾਂ ਲਈ ਆਪਣਾ ਹਵਾਈ ਖੇਤਰ ਖੋਲ੍ਹ ਦਿੱਤਾ ਸੀ। ਅਧਿਕਾਰੀ ਨੇ ਕਿਹਾ, ਪੀ 518 ਰੂਟ ਦੱਖਣੀ ਪਾਕਿਸਤਾਨ ਦੇ ਉਪਰੋਂ ਲੰਘਦਾ ਹੈ, ਇਸ ਲਈ ਦਿੱਲੀ ਤੋਂ ਪੱਛਮ ਵੱਲ ਜਾਂਦਾਂ ਉਡਾਣਾਂ ਦਾ ਵਿਹਾਰਕ ਸਮਾਂ ਨਹੀਂ ਘਟੇਗਾ।

PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed

Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਟਰੰਪ ਦੀ ਦੋ-ਟੁੱਕ, ਅਮਰੀਕਾ ਵਿੱਚ ਨਾਜਾਇਜ਼ ਪ੍ਰਵਾਸੀਆਂ ਲਈ ਥਾਂ ਹੈ ਨਹੀਂ



ਕੈਲੀਫੋਰਨੀਆ, 7 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕੋ ਸਰਹੱਦ ਤੋਂ ਦਾਖਲ ਹੋਣ ਵਾਲੇ ਨਾਜਾਇਜ਼ ਪ੍ਰਵਾਸੀਆਂ ਨੂੰ ਵਾਪਸ ਚਲੇ ਜਾਣ ਨੂੰ ਕਿਹਾ ਹੈ।

ਇਸ ਸ਼ੁੱਕਰਵਾਰ ਕੈਲੀਫੋਰਨੀਆ ਦੇ ਕੈਲੇਕਿਸਕੋ ਸ਼ਹਿਰ ਪੁੱਜੇ ਟਰੰਪ ਨੇ ਕਿਹਾ ਕਿ ਅਮਰੀਕਾ ਪੂਰੀ ਤਰ੍ਹਾਂ ਭਰ ਚੁੱਕਾ ਹੈ। ਇਥੇ ਨਾਜਾਇਜ਼ ਪ੍ਰਵਾਸੀਆਂ ਲਈ ਕੋਈ ਥਾਂ ਨਹੀਂ।

ਵਰਨਣ ਯੋਗ ਹੈ ਕਿ 2016 ਦੀ ਰਾਸ਼ਟਰਪਤੀ ਚੋਣ ਵਿੱਚ ਟਰੰਪ ਨੇ ਨਾਜਾਇਜ਼ ਪ੍ਰਵਾਸੀਆਂ ਨੂੰ ਅਮਰੀਕਾ 'ਚ ਦਾਖਲ ਹੋਣ ਤੋਂ ਰੋਕਣ ਲਈ ਮੈਕਸੀਕੋ ਦੀ ਸਰਹੱਦ ਉੱਤੇ ਦੀਵਾਰ ਬਣਾਉਣ ਦਾ ਐਲਾਨ ਕੀਤਾ ਸੀ। ਅਗਲੇ ਸਾਲ ਦੀ ਚੋਣ ਵਿੱਚ ਇਹ ਦੀਵਾਰ ਅਤੇ ਨਾਜਾਇਜ਼ ਪ੍ਰਵਾਸੀਆਂ ਨੂੰ ਉਹ ਫਿਰ ਤੋਂ ਮੁੱਦਾ ਬਣਾਉਣਾ ਚਾਹੁੰਦੇ ਹਨ। ਇਨ੍ਹਾਂ ਦੋਵਾਂ ਮੁੱਦਿਆਂ ਨੂੰ ਕੌਮੀ ਸੰਕਟ ਐਲਾਨ ਕਰ ਚੁੱਕੇ ਡੋਨਾਲਡ ਟਰੰਪ ਕਈ ਵਾਰ ਮੈਕਸੀਕੋ ਸਰਹੱਦ ਬੰਦ ਕਰਨ ਦੀ ਧਮਕੀ ਦੇ ਚੁੱਕੇ ਹਨ। ਕੈਲੇਕਿਸਕੋ ਵਿੱਚ ਸਰਹੱਦ 'ਤੇ ਬਾਰਡਰ ਪੈਟਰੋਲ ਏਜੰਟ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਵਿੱਚ ਟਰੰਪ ਨੇ ਕਿਹਾ ਕਿ ਨਾਜਾਇਜ਼ ਪ੍ਰਵਾਸੀਆਂ ਦੀ ਵਧਦੀ ਗਿਣਤੀ ਨੂੰ ਰੋਕਣਾ ਹੀ ਹੋਵੇਗਾ। ਉਹ ਇਮੀਗਰੇਸ਼ਨ ਸਿਸਟਮ 'ਤੇ ਭਾਰੀ ਪੈ ਰਹੇ ਹਨ। ਨਾਜਾਇਜ਼ ਪ੍ਰਵਾਸੀਆਂ ਨੂੰ ਸੰਦੇਸ਼ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਭਰ ਚੁੱਕਾ ਹੈ, ਅਸੀਂ ਤੁਹਾਨੂੰ ਨਹੀਂ ਰੱਖ ਸਕਦੇ, ਇਸ ਲਈ ਤੁਸੀਂ ਆਪਣੇ ਦੇਸ਼ ਪਰਤ ਜਾਓ।

ਇਸ ਦੌਰਾਨ ਮੈਕਸੀਕੋ ਸਰਹੱਦ 'ਤੇ ਪੁੱਜੇ ਡੋਨਾਲਡ ਟਰੰਪ ਦਾ ਲੋਕਾਂ ਨੇ ਵਿਰੋਧ ਕੀਤਾ। ਕਰੀਬਅ 200 ਲੋਕਾਂ ਨੇ ਉਨ੍ਹਾਂ ਦੇ ਖਿਲਾਫ ਨਾਅਰੇ ਲਾਏ। ਮੈਕਸੀਕੋ ਤੇ ਅਮਰੀਕਾ ਦਾ ਝੰਡਾ ਲਹਿਰਾਉਂਦੇ ਹੋਏ ਇਹ ਲੋਕ ਪੋਸਟਰ ਵੀ ਵਿਖਾ ਰਹੇ ਸਨ, ਜਿਸ ਵਿੱਚ ਲਿਖਿਆ ਸੀ ਕਿ ਪਰਵਾਰਾਂ ਨੂੰ ਵੱਖ ਕਰਨਾ ਬੰਦ ਕਰੋ, ਜੇ ਤੁਸੀਂ ਦੀਵਾਰ ਬਣਾਈ ਤਾਂ ਉਸ ਨੂੰ ਤੋੜ ਦਿਆਂਗਾ। ਇੱਕ ਜਣੇ ਨੇ ਗੁਬਾਰਾ ਵੀ ਫੜਿਆ ਹੋਇਆ ਸੀ ਜਿਸ ਵਿੱਚ ਟਰੰਪ ਨੂੰ ਬੱਚੇ ਵਰਗਾ ਵਿਖਾਇਆ ਗਿਆ ਸੀ।

# ਧਾਰਾ 370 ਦੇ ਬਹਾਨੇ ਪਾਕਿ ਵੱਲੋਂ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੀ ਸਿੱਧੀ ਕੋਸ਼ਿਸ਼



ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫੈਸਲ

ਇਸਲਾਮਾਬਾਦ, 7 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਫਿਰ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦੀ ਕੋਸ਼ਿਸ਼ ਕੀਤੀ ਹੈ। ਅੱਜ ਉਸ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਭਾਰਤ ਦੇ ਸੰਵਿਧਾਨ ਵਿੱਚੋਂ ਜੰਮੂ-ਕਸ਼ਮੀਰ ਬਾਰੇ ਧਾਰਾ 370 ਨੂੰ ਖ਼ਤਮ ਕੀਤੇ ਜਾਣ ਨੂੰ ਪ੍ਰਵਾਨ ਨਹੀਂ ਕਰੇਗਾ, ਕਿਉਂਕਿ ਅਜਿਹਾ ਕਰਨਾ ਯੂ ਐੱਨ ਦੇ ਮਤਿਆਂ ਦਾ ਉਲੰਘਣ ਕਰਨ ਦੇ ਬਰਾਬਰ ਗਿਣਿਆ ਜਾਵੇਗਾ।

ਇਸ ਬਾਰੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫੈਸਲ ਨੇ ਇਸਲਾਮਾਬਾਦ ਵਿੱਚ ਪੱਤਰਕਾਰਾਂ ਨੂੰ ਕਿਹਾ ਕਿ ਭਾਰਤੀ ਸੰਵਿਧਾਨ ਵਿਚੋਂ ਧਾਰਾ 370 ਨੂੰ ਖ਼ਤਮ ਕਰਨਾ ਕਿਸੇ ਵੀ ਹਾਲਤ ਵਿੱਚ ਨਾ ਅਸੀਂ ਮਨਜ਼ੂਰ ਕਰਾਂਗੇ ਅਤੇ ਨਾ ਕਸ਼ਮੀਰੀ ਜਨਤਾ ਹੀ ਇਸ ਨੂੰ ਸਵੀਕਾਰ ਕਰੇਗੀ।

ਵਰਨਣ ਯੋਗ ਹੈ ਕਿ ਭਾਰਤ ਦੇ ਮੌਜੂਦਾ ਚੋਣ ਪ੍ਰਚਾਰ ਵਿੱਚ ਭਾਜਪਾ ਆਗੂ ਧਾਰਾ 370 ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ। ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਵੀ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਇਹ ਧਾਰਾ ਖ਼ਤਮ ਕਰਨ ਨੂੰ ਵਚਨਬੱਧ ਹੈ, ਪ੍ਰੰਤੂ ਪਾਰਲੀਮੈਂਟ ਦੇ ਉਤਲੇ ਸਦਨ ਰਾਜ ਸਭਾ ਵਿਚ ਬਹੁਮਤ ਨਾ ਹੋਣ ਕਾਰਨ ਏਦਾਂ ਨਹੀਂ ਹੋ ਸਕਿਆ। ਸ਼ਾਹ ਦੀ ਟਿੱਪਣੀ ਪਿੱਛੋਂ ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਕਿਹਾ ਸੀ ਕਿ ਜਦੋਂ ਆਜ਼ਾਦੀ ਮਿਲੀ ਸੀ ਤਾਂ ਸੰਵਿਧਾਨ ਵਿਚ ਕੁਝ ਮਤੇ ਏਦਾਂ ਦੇ ਰੱਖੇ ਗਏ ਸਨ, ਜਿਨ੍ਹਾਂ ਤੋਂ ਜੰਮੂ-ਕਸ਼ਮੀਰ ਦੀ ਵੱਖਰੀ ਪਛਾਣ ਕਾਇਮ ਰਹਿ ਸਕੇ, ਇਨ੍ਹਾਂ ਮਤਿਆਂ ਨੂੰ ਧਾਰਾ 370 ਅਤੇ ਧਾਰਾ 35-ਏ ਵਿੱਚ ਸ਼ਾਮਲ ਕੀਤਾ ਗਿਆ ਹੈ। ਉਮਰ ਅਬਦੁੱਲਾ ਦੇ ਪਿਤਾ ਫਾਰੂਕ ਅਬਦੁੱਲਾ ਨੇ ਇਹ ਵੀ ਕਿਹਾ ਸੀ ਕਿ ਜੇ ਧਾਰਾ 370 ਨੂੰ ਖ਼ਤਮ ਕੀਤਾ ਗਿਆ ਤਾਂ ਭਾਰਤ ਨਾਲੋਂ ਇਸ ਰਾਜ ਦਾ ਰਿਸ਼ਤਾ ਹੀ ਟੁੱਟ ਜਾਵੇਗਾ। ਇਸ ਤਰ੍ਹਾਂ ਦਾ ਸਟੈਂਡ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਵੀ ਲਿਆ ਹੋਇਆ ਹੈ।

# ਜਰਮਨੀ ਵਿੱਚ ਕੋਲਨ ਦੇ ਗੁਰਦੁਆਰਾ ਸਾਹਿਬ ਉਤੇ ਨਸਲੀ ਹਮਲਾ

ਫਰੈਂਕਫਰਟ, 7 ਅਪ੍ਰੈਲ (ਪੋਸਟ ਬਿਊਰੋ)- ਜਰਮਨੀ ਦੇ ਕੋਲਨ ਵਿੱਚ ਗੁਰਦੁਆਰਾ ਸਾਹਿਬ ਦੇ ਮੇਨ ਗੇਟ ਉਤੇ ਅਣਪਛਾਤੇ ਵਿਅਕਤੀਆਂ ਨੇ ਜਰਮਨ ਭਾਸ਼ਾ ਵਿੱਚ 'ਮੂਸ ਰਾਊਸ' ਲਿਖ ਦਿੱਤਾ, ਜਿਸ ਦਾ ਅਰਥ ਹੈ ਕਿ 'ਬਾਹਰ ਨਿਕਲੋ- ਭਾਵ ਸਾਡਾ ਦੇਸ਼ ਛੱਡੋ'। ਇਹ ਘਟਨਾ ਉਪਰ ਲੋਕਲ ਸਿੱਖ ਭਾਈਚਾਰਾ ਚਿੰਤਾ ਪ੍ਰਗਟ ਕਰ ਰਿਹਾ ਹੈ ਅਤੇ ਇਸ ਨੂੰ ਨਸਲੀ ਤੱਤਾਂ ਵੱਲੋਂ ਦਿੱਤੀ ਚਿਤਾਵਨੀ ਮੰਨ ਰਿਹਾ ਹੈ, ਜੋ ਸ਼ਰ੍ਹੇਆਮ ਸਿੱਖਾਂ ਨੂੰ ਜਰਮਨ ਛੱਡਣ ਲਈ ਕਹਿ ਰਹੇ ਹਨ। ਇਸ ਘਟਨਾ ਉੱਤੇ ਚਿੰਤਾ ਪ੍ਰਗਟ ਕਰਦੇ ਹੋਏ ਭਾਰਤੀ ਕੌਂਸਲੇਟ ਫਰੈਂਕਫਰਟ ਨੇ ਕੋਲਨ ਦੀ ਪੁਲਸ ਨਾਲ ਸੰਪਰਕ ਕਰ ਕੇ ਜਲਦੀ ਇਸ ਉਤੇ ਕਾਰਵਾਈ ਕਰਨ ਤੇ ਗੁਰਦੁਆਰਾ ਸਾਹਿਬ ਦੇ ਬਾਹਰ ਪੁਲਸ ਤਾਇਨਾਤ ਕਰਨ ਦੀ ਮੰਗ ਕੀਤੀ ਹੈ, ਜਿਸ ਦੇ ਪ੍ਰਤੀਕਰਮ ਵਜੋਂ ਕੋਲਨ ਦੀ ਪੁਲਸ ਨੇ ਪੂਰੇ ਸਹਿਯੋਗ ਦੇਣ ਦਾ ਵਾਅਦਾ ਕੀਤਾ।

# ਬ੍ਰਿਟੇਨ ਵਿੱਚ ਕੱਟੜਪੰਥ ਤੋਂ ਮੁਕਤੀ ਦੇ ਕੋਰਸ ਵਾਲੇ ਅੱਤਵਾਦੀਆਂ ਦੀ ਗਿਣਤੀ ਵਧੀ



ਲੰਡਨ, 7 ਅਪ੍ਰੈਲ (ਪੋਸਟ ਬਿਊਰੋ)- ਕੱਟੜਪੰਥ ਤੋਂ ਮੁਕਤੀ ਲਈ ਬ੍ਰਿਟਿਸ਼ ਸਰਕਾਰ ਵੱਲੋਂ ਕਰਵਾਏ ਜਾ ਰਹੇ ਜ਼ਰੂਰੀ ਕੋਰਸ ਕਰਨ ਵਾਲੇ ਅੱਤਵਾਦੀਆਂ ਦੀ ਗਿਣਤੀ ਵਿੱਚ ਪਿਛਲੇ ਸਾਲ ਕਰੀਬ ਤਿੰਨ ਗੁਣਾ ਵਾਧਾ ਹੋਇਆ ਹੈ। ਅੱਤਵਾਦ 'ਤੇ ਬ੍ਰਿਟੇਨ ਦੀ ਵਿਆਪਕ ਨੀਤੀ ਹੇਠ ਇਹ ਕੋਰਸ ਅਕਤੂਬਰ 2016 ਤੋਂ ਚਲਾਇਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਸੀਰੀਆ ਅਤੇ ਇਰਾਕ ਵਿੱਚ ਆਈ ਏ ਐੱਸ ਦੇ ਕਬਜ਼ੇ ਵਾਲੇ ਇਲਾਕਿਆਂ ਤੋਂ ਮੁੜ ਰਹੇ ਅੱਤਵਾਦੀ ਇਸ ਬ੍ਰਿਟਿਸ਼ ਕੋਰਸ ਵਿੱਚ ਹਿੱਸਾ ਲੈ ਰਹੇ ਹਨ। ਬ੍ਰਿਟੇਨ ਦੇ ਗ੍ਰਹਿ ਵਿਭਾਗ ਦੇ ਤਾਜ਼ਾ ਅੰਕੜਿਆਂ ਦੇ ਮੁਤਾ-ਬਕ 2016-17 ਵਿੱਚ ਤੀਹ ਲੋਕਾਂ ਨੇ ਇਹ ਟਰੇਨਿੰਗ ਲਈ, 2017-18 ਵਿੱਚ ਗਿਣਤੀ ਵਧ ਕੇ 86 ਹੋ ਗਈ। ਅੱਤਵਾਦ ਵਿਰੋਧੀ ਥਿੰਕ ਟੈਂਕ ਹੈਨਰੀ ਜੈਕਸਨ ਸੁਸਾਇਟੀ ਦੇ ਕਾਰਜਕਾਰੀ ਡਾਇਰੈਕਟਰ ਏਲਨ ਮੇਂਦੋਜਾ ਨੇ ਟਾਈਮਜ਼ ਨੂੰ ਕਿਹਾ ਕਿ ਆਈ ਐੱਸ ਤੋਂ ਮੁੜ ਰਹੇ ਲੋਕਾਂ ਤੋਂ ਪੈਦਾ ਹੋਏ ਖਤਰੇ ਨੇ ਸਰਕਾਰ ਨੂੰ ਇਹ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ।

# ਬੇਜ਼ੋਸ਼ ਦੀ ਪ੍ਰੇਮਿਕਾ ਨੇ ਵੀ ਤਲਾਕ ਦੀ ਅਰਜ਼ੀ ਫਾਈਲ ਕਰ ਦਿੱਤੀ



ਲਾਸ ਏਂਜਲਸ, 7 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਦੀ ਸਭ ਤੋਂ ਵੱਡੀ ਈ-ਕਾਮਰਸ ਕੰਪਨੀ ਐਮਾਜ਼ੋਨ ਦੇ ਮੋਢੀ ਜੈਫ ਬੇਜ਼ੋਸ਼ ਦੀ ਪ੍ਰੇਮਿਕਾ ਦੱਸੀ ਜਾਂਦੀ ਟੀ ਵੀ ਐਂਕਰ ਲਾਰੇਨ ਸਾਂਚੇਜ਼ ਨੇ ਵੀ ਆਪਣੇ ਪਤੀ ਤੋਂ ਅਲੱਗ ਹੋਣ ਲਈ ਬੀਤੇ ਦਿਨੀਂ ਅਦਾਲਤ ਵਿੱਚ ਤਲਾਕ ਦੀ ਅਰਜ਼ੀ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਬੇਜ਼ੋਸ਼ ਅਤੇ ਉਨ੍ਹਾਂ ਦੀ ਪਤਨੀ ਮੈਕੇਂਜ਼ੀ ਵਿਚਾਲੇ ਇੱਕ ਦਿਨ ਪਹਿਲਾਂ ਹੀ ਇਤਿਹਾਸ ਦੇ ਸਭ ਤੋਂ ਮਹਿੰਗੇ ਤਲਾਕ ਦਾ ਸਮਝੌਤਾ ਹੋਇਆ ਸੀ। ਇਸ ਸਮਝੌਤੇ ਹੇਠ ਬੇਜ਼ੋਸ਼ ਕੰਪਨੀ ਵਿੱਚ ਆਪਣੀ 143 ਅਰਬ ਡਾਲਰ ਦੀ ਹਿੱਸੇਦਾਰੀ ਵਿੱਚੋਂ 25 ਫੀਸਦੀ ਯਾਨੀ 36 ਅਰਬ ਡਾਲਰ ਦੇ ਸ਼ੇਅਰ ਮੈਕੇਂਜ਼ੀ ਨੂੰ ਦੇਣਗੇ। ਬੇਜ਼ੋਸ਼ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਹਨ। ਦੂਸਰੇ ਪਾਸੇ ਮੈਕੇਂਜ਼ੀ ਸਾਂਚੇਜ਼ ਅਤੇ ਉਨ੍ਹਾਂ ਦੇ ਪਤੀ ਪੈਟ੍ਰਿਕ ਵ੍ਹਾਈਟਸੇਲ ਨੇ ਬੀਤੇ ਦਿਨੀਂ ਤਲਾਕ ਦੀ ਅਰਜ਼ੀ ਦਾਖਲ ਕੀਤੀ ਹੈ। ਦੋਵਾਂ ਦਾ ਵਿਆਹ 2005 ਵਿੱਚ ਹੋਇਆ ਸੀ ਤੇ ਉਨ੍ਹਾਂ ਦੇ ਦੋ ਬੱਚੇ ਹਨ। ਦੁਨੀਆ ਦੇ ਇਸ ਸਭ ਤੋਂ ਅਮੀਰ ਜੋੜੇ ਬੇਜ਼ੋਸ਼ ਅਤੇ ਮੈਕੇਂਜ਼ੀ ਨੇ ਇਸ ਸਾਲ ਜਨਵਰੀ ਵਿੱਚ ਟਵਿੱਟਰ ਉਤੇ ਇੱਕ ਸਾਂਝਾ ਬਿਆਨ ਜਾਰੀ ਕਰ ਕੇ ਤਲਾਕ ਦਾ ਐਲਾਨ ਕੀਤਾ ਸੀ। ਇਸ ਐਲਾਨ ਦੇ ਪਿੱਛੋਂ ਅਮਰੀਕੀ ਪੱਤ੍ਰਿਕਾ ਨੈਸ਼ਨਲ ਐਨਕਵਾਇਰਰ ਨੇ ਬੇਜ਼ੋਸ਼ ਤੇ ਸਾਂਚੇਜ਼ ਵਿਚਾਲੇ ਅਫੇਅਰ ਦੀ ਖਬਰ ਦਿੱਤੀ ਸੀ। 49 ਸਾਲਾ ਸਾਂਚੇਜ਼ ਪੇਸ਼ੇ ਤੋਂ ਨਿਊਜ਼ ਐਂਕਰ ਅਤੇ ਰਿਪੋਰਟਰ ਹੈ। ਉਹ ਫਾਕਸ ਟੀ ਵੀ ਉੱਤੇ 'ਸੋ ਯੂ ਥਿੰਕ ਯੂ ਕੈਨ' ਡਾਂਸ ਸ਼ੋਅ ਪੇਸ਼ ਕਰਦੀ ਹੈ।

# ਰੂਸ ਆਰਕਟਿਕ ਦੇ ਫੌਜੀ ਬੇਸ ਉੱਤੇ ਮਿਜ਼ਾਈਲ ਲਾਉਣ ਦੇ ਪੱਖੋਂ ਪਹਿਲਾ ਦੇਸ਼ ਬਣਿਆ



ਸੇਵੇਰਨੀ ਕਲੀਅਰ ਫੌਜੀ ਅੱਡਾ (ਰੂਸ), 7 ਅਪ੍ਰੈਲ (ਪੋਸਟ ਬਿਊਰੋ)- ਰੂਸ ਉੱਤਰੀ ਧਰੁਵ ਉੱਤੇ ਆਰਕ-ਟਿਕ ਸਾਗਰ ਦੇ ਖੇਤਰ ਵਿੱਚ ਆਪਣੀ ਦਾਅਵੇਦਾਰੀ ਲਈ ਫੌਜੀ ਅੱਡੇ ਮਜ਼ਬੂਤ ਕਰ ਰਿਹਾ ਹੈ। ਇਸ ਦਾ ਪਤਾ ਬੀਤੇ ਵੀਰਵਾਰ ਉਸ ਥਾਂ ਤੋਂ ਮਿਲੀਆਂ ਤਸਵੀਰਾਂ ਤੋਂ ਲੱਗਾ। ਕਰੀਬ 1.4 ਲੱਖ ਕਰੋੜ ਵਰਗ ਕਿਲੋਮੀਟਰ ਵਿੱਚ ਫੈਲੇ ਆਰਕਟਿਕ ਸਾਗਰ ਦੇ 12 ਲੱਖ ਕਿਲੋਮੀਟਰ ਖੇਤਰ 'ਤੇ ਆਪਣੇ ਅਧਿਕਾਰ ਦਾ ਦਾਅਵਾ ਕਰਨ ਦੇ ਲਈ ਰੂਸ ਨੇ ਇਥੇ ਪੰਜ ਸਾਲ ਪਹਿਲਾਂ ਫੌਜੀ ਬੇਸ ਬਣਾਇਆ ਸੀ। ਇਸ ਬੇਸ ਵਿੱਚ 250 ਫੌਜੀ ਤੈਨਾਤ ਹਨ। ਖੇਤਰ ਵਿੱਚ ਪਕੜ ਬਣਾਈ ਰੱਖਣ ਦੇ ਲਈ ਉਸ ਨੇ ਫੌਜੀ ਅੱਡੇ 'ਤੇ ਹੁਣ ਮਿਜ਼ਾਈਲ ਲਾਂਚਰ, ਹਵਾਈ ਰੱਖਿਆ ਪ੍ਰਣਾਲੀਆਂ ਤੈਨਾਤ ਕੀਤੀਆਂ ਹਨ।

ਆਰਕਟਿਕ ਵਿੱਚ ਮਿਜ਼ਾਈਲ ਫਿੱਟ ਕਰਨ ਵਾਲਾ ਰੂਸ ਪਹਿਲਾ ਪਹਿਲਾ ਦੇਸ਼ ਬਣ ਗਿਆ ਹੈ। ਸੇਵੇਰਨੀ ਕਲੀਅਰ ਨਾਂਅ ਦਾ ਇਹ ਫੌਜੀ ਅੱਡਾ ਰੂਸ ਦੇ ਕੌਮੀ ਝੰਡੇ ਦੇ ਰੰਗ ਵਿੱਚ ਰੰਗਿਆ ਹੈ। ਬੇਸ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਫੌਜੀ ਸੜਕਾਂ ਉੱਤੇ ਘੁੰਮੇ ਬਿਨਾਂ ਉਸ ਦੇ ਸਾਰੇ ਕੇਂਦਰਾਂ ਤੱਕ ਜਾ ਸਕਣ, ਕਿਉਂਕਿ ਇਥੇ ਸਰਦੀ ਵਿੱਚ ਪਾਰਾ ਮਾਈਨਸ 50 ਡਿਗਰੀ ਤੱਕ ਹੇਠਾਂ ਚਲਾ ਜਾਂਦਾ ਹੈ। ਖਣਿਜ ਭਰਪੂਰ ਹੋਣ ਨਾਲ ਖੇਤਰ ਉਤੇ ਅਮਰੀਕਾ, ਕੈਨੇਡਾ, ਡੈਨਮਾਰਕ ਅਤੇ ਨਾਰਵੇ ਦੀ ਵੀ ਨਜ਼ਰ ਹੈ। ਅਮਰੀਕਾ ਨੇ ਇਸ ਨੂੰ ਆਪਣੀ ਵਿਦੇਸ਼ ਨੀਤੀ ਦੀ ਪਹਿਲ ਵਿੱਚ ਰੱਖਿਆ ਹੈ। ਉਸ ਨੂੰ ਰੂਸ ਦੇ ਨਾਲ ਚੀਨ ਤੋਂ ਵੀ ਚੁਣੌਤੀ ਮਿਲਦੀ ਹੈ। ਆਰਕਟਿਕ ਵਿੱਚ ਬੇਸ ਉੱਤੇ ਮਿਜ਼ਾਈਲ ਲਾਂਚਰ ਦੇ ਬਾਅਦ ਰੂਸ ਇਥੇ ਰੱਖਿਆ ਪ੍ਰਣਾਲੀ ਐਸ 400 ਦਾ ਪੋਲਰ ਵਰਜਨ ਤੈਨਾਤ ਕਰੇਗਾ।

ਅੰਦਾਜ਼ਾ ਹੈ ਕਿ ਧਰਤੀ ਉਤੇ ਜਿੰਨੇ ਵੀ ਤੇਲ-ਗੈਸ ਭੰਡਾਰਾਂ ਦਾ ਪਤਾ ਲੱਗਾ ਹੈ, ਉਨ੍ਹਾਂ ਦਾ ਇੱਕ ਚੌਥਾਈ ਭੰਡਾਰ ਆਰਕਟਿਕ ਦੀ ਬਰਫ ਵਿੱਚ ਦੱਬਿਆ ਹੋਇਆ ਹੈ। ਇਸ ਦੀ ਕੀਮਤ ਦੋ ਹਜ਼ਾਰ ਲੱਖ ਕਰੋੜ ਰੁਪਏ ਤੱਕ ਹੋ ਸਕਦੀ ਹੈ। ਰੂਸ ਇਸ ਨੂੰ ਧਰੁਵ ਦੀ ਬਰਫ ਪਿਘਲਣ ਪਿੱਛੋਂ ਕੱਢਣ ਦੀ ਯੋਜਨਾ ਬਣਾ ਰਿਹਾ ਹੈ। ਆਰਕਟਿਕ ਦੇ ਦੂਸਰੇ ਦੇਸ਼ ਵੀ ਇਹੀ ਚਾਹੁੰਦੇ ਹਨ। ਰੂਸ ਦਾ ਖਣਿਜ ਵਾਲੇ ਆਰਕਟਿਕ ਖੇਤਰ ਦਾ ਦਾਅਵਾ ਇਸ ਲਈ ਮਜ਼ਬੂਤ ਹੈ ਕਿ ਉਸ ਦੀ ਅੱਧੀ ਸਮੁੰਦਰੀ ਸੀਮਾ ਇਸ ਨਾਲ ਲੱਗਦੀ ਹੈ। ਬੀਤੇ ਸਾਲ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇਸ ਨੂੰ ਰੂਸ ਦਾ ਭਵਿੱਖ ਬਣਾਉਣ ਵਾਲਾ ਖੇਤਰ ਕਿਹਾ ਸੀ। ਉਹ ਚਾਹੁੰਦੇ ਹਨ ਕਿ ਆਰਕਟਿਕ ਸਾਗਰ ਏਸ਼ੀਆ ਦਾ ਨਵਾਂ ਬਦਲਵਾਂ ਰੂਟ ਬਣੇ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
Services: Complete Basement, Tiles, Bathrooms, Plumbing, Laminate, Hardwood Floor, Painting
$1,000
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

# ਆਸਟਰੇਲੀਆ ਵਿੱਚ ਭਾਰਤੀਆਂ ਦੀ ਗਿਣਤੀ ਤੀਸਰੇ ਸਥਾਨ ਉਤੇ ਪਹੁੰਚੀ



ਮੈਲਬਰਨ, 7 ਅਪ੍ਰੈਲ (ਪੋਸਟ ਬਿਊਰੋ)- ਆਸਟਰੇਲੀਆ 'ਚ ਬਾਹਰਲੇ ਦੇਸ਼ਾਂ ਤੋਂ ਆ ਕੇ ਵੱਸੇ ਹੋਏ ਲੋਕਾਂ ਦੀ ਗਿਣਤੀ 'ਚੋਂ ਭਾਰਤੀਆਂ ਦੀ ਗਿਣਤੀ ਤੀਸਰੇ ਨੰਬਰ 'ਤੇ ਪਹੁੰਚ ਗਈ ਹੈ।

ਇਸ ਸੰਬੰਧ ਵਿੱਚ ਆਸਟਰੇਲੀਅਨ ਬਿਊਰੋ ਆਫ ਸਟੈਟਿਸਟਿਕਸ ਦੀ ਤਾਜ਼ਾ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ 2018 ਦੇ ਅਖੀਰ ਤੱਕ ਇਥੇ ਸੱਤ ਲੱਖ ਤੋਂ ਵੱਧ ਪ੍ਰਵਾਸੀ ਆ ਕੇ ਵਸੇ ਸੀ। ਇਸ ਦੇ ਅੰਕੜਿਆਂ ਅਨੁਸਾਰ ਸਭ ਤੋਂ ਵੱਧ ਨੌਂ ਲੱਖ 92 ਹਜ਼ਾਰ ਲੋਕ ਇੰਗਲੈਂਡ ਤੋਂ ਆਏ। ਦੂਸਰੇ ਨੰਬਰ 'ਤੇ ਚੀਨ ਤੋਂ ਛੇ ਲੱਖ 51 ਹਜ਼ਾਰ ਅਤੇ ਭਾਰਤ ਵਿੱਚੋਂ ਪੰਜ ਲੱਖ 92 ਹਜ਼ਾਰ ਲੋਕ ਆਉਣ ਨਾਲ ਉਹ ਤੀਸਰੇ ਨੰਬਰ 'ਤੇ ਆਉਂਦਾ ਹੈ। ਅੰਕੜਿਆਂ ਮੁਤਾਬਕਿ ਦੇਸ਼ ਦੀ ਲਗਭਗ ਇੱਕ ਤਿਹਾਈ ਆਬਾਦੀ (29 ਫੀਸਦੀ ਲੋਕ) ਬਾਹਰਲੇ ਦੇਸ਼ਾਂ ਤੋਂ ਆਏ ਹਨ। ਇਹ ਬਹੁ ਸੱਭਿਆਚਾਰਕ ਸਮਾਜ ਵੱਖ-ਵੱਖ ਦੇਸ਼ਾਂ ਤੋਂ ਆ ਕੇ ਵਸੇ ਲੋਕਾਂ ਨਾਲ ਬਣਿਆ ਹੈ। 18 ਮਿਲੀਅਨ ਲੋਕ ਇਥੋਂ ਦੇ ਜਨਮੇ ਹਨ। ਪਿਛਲੇ ਸਾਲ ਪਹਿਲੇ ਛੇ ਮਹੀਨਿਆਂ 'ਚ ਪੰਜ ਲੱਖ 26 ਹਜ਼ਾਰ ਲੋਕ ਵਿਦੇਸ਼ਾਂ ਤੋਂ ਇਥੇ ਆਏ ਸਨ, ਦੋ ਲੱਖ 89 ਹਜ਼ਾਰ ਲੋਕ ਆਸਟਰੇਲੀਆ ਪੱਕੇ ਤੌਰ 'ਤੇ ਛੱਡ ਗਏ ਸੀ। ਇਥੇ ਆਏ ਲੋਕਾਂ ਵਿੱਚ 62 ਫੀਸਦੀ ਕੱਚੇ ਵੀਜ਼ਾ 'ਤੇ ਆਏ ਸੀ, ਇਨ੍ਹਾਂ ਵਿੱਚੋਂ 29 ਫੀਸਦੀ ਵਿਦਿਆਰਥੀ ਹਨ। ਬਾਹਰਲੇ ਲੋਕਾਂ ਤੋਂ ਸਭ ਤੋਂ ਵਧੇਰੇ ਸੈਲਾਨੀ ਵੀ ਘੁੰਮਣ ਇਥੇ ਹੀ ਆਉਂਦੇ ਹਨ।

Honesty, Reliability, Commitment
Hira Randhawa
Broker
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
HomeLife SilverCity
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 — William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 — Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 — Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown..
$789,000 — Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

BEST TRUCK REPAIR & TIRE CENTRE
MICHELIN · HANKOOK · Continental · ROADLUX · BFGoodrich · AEOLUS · COMPASAL · Chevron Delo
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਜਹਾਜ਼ ਤੋਂ ਲਾਹੁਣ ਕਾਰਨ ਮੋਹਾਲੀ ਦੇ ਪ੍ਰੋਫੈਸਰ ਨੂੰ ਏਅਰ ਇੰਡੀਆ ਇੱਕ ਲੱਖ ਮੁਆਵਜ਼ਾ ਦੇਵੇਗਾ



ਚੰਡੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਨੀਦਰਲੈਂਡ ਵਿੱਚ ਸਾਇੰਸ ਕਾਨਫਰੰਸ ਵਿੱਚ ਹਿਸਾ ਲੈ ਕੇ ਦਿੱਲੀ ਪਹੁੰਚੇ ਮੋਹਾਲੀ ਦੇ ਸਰਦੂਲ ਸਿੰਘ ਘੁਮਾਣ ਜਦੋਂ ਨਵੀਂ ਦਿੱਲੀ ਏਅਰਪੋਰਟ 'ਤੇ ਉਤਰੇ, ਪਰ ਓਥੋਂ ਚੰਡੀਗੜ੍ਹ ਦੀ ਫਲਾਈਟ ਤੋਂ ਉਨ੍ਹਾਂ ਨੂੰ ਬਿਨਾਂ ਕਾਰਨ ਜਹਾਜ਼ ਤੋਂ ਲਾਹ ਦਿੱਤਾ ਗਿਆ। ਇਸ ਤੋਂ ਉਨ੍ਹਾਂ ਕਾਫੀ ਬੇਇੱਜ਼ਤੀ ਮਹਿਸੂਸ ਕੀਤੀ ਤੇ ਕੰਜ਼ਿਊਮਰ ਫੋਰਮ ਵਿੱਚ ਏਅਰ ਇੰਡੀਆ ਦੇ ਖਿਲਾਫ ਸ਼ਿਕਾਇਤ ਕੀਤੀ ਸੀ। ਫੋਰਮ ਨੇ ਸ਼ਿਕਾਇਤ ਕਰਤਾ ਨੂੰ 5000 ਰੁਪਏ ਹਰਜਾਨਾ ਅਤੇ 5000 ਰੁਪਏ ਕੇਸ ਖਰਚ ਦੇਣ ਲਈ ਏਅਰ ਇੰਡੀਆ ਨੂੰ ਹੁਕਮ ਦਿੱਤੇ ਸਨ, ਪਰ ਸ਼ਿਕਾਇਤ ਕਰਤਾ ਇਸ ਤੋਂ ਸੰਤੁਸ਼ਟ ਨਹੀਂ ਹੋਏ। ਉਨ੍ਹਾਂ ਨੇ ਸਟੇਟ ਕਮਿਸ਼ਨ ਵਿੱਚ ਇਸ ਦੀ ਪਟੀਸ਼ਨ ਕਰ ਦਿੱਤੀ ਸੀ। ਸਟੇਟ ਕਮਿਸ਼ਨ ਨੇ ਸ਼ਿਕਾਇਤ ਕਰਤਾ ਦੀ ਗੱਲ ਮੰਨਦੇ ਹੋਏ ਏਅਰ ਇੰਡੀਆ ਵੱਲੋਂ ਇੱਕ ਲੱਖ ਰੁਪਏ 10 ਫੀਸਦੀ ਵਿਆਜ ਦੇ ਨਾਲ ਹਰਜਾਨਾ ਦੇਣ ਦਾ ਹੁਕਮ ਕੀਤਾ ਹੈ। ਇੰਨਾ ਹੀ ਨਹੀਂ 5000 ਰੁਪਏ ਕੇਸ ਖਰਚ ਅਤੇ 5500 ਰੁਪਏ ਟੈਕਸੀ ਦਾ ਕਿਰਾਇਆ ਦੇਣ ਦੇ ਵੀ ਹੁਕਮ ਦਿੱਤੇ ਹਨ। ਮੋਹਾਲੀ ਦੇ ਸਰਦੂਲ ਸਿੰਘ ਘੁਮਾਣ ਫਿਜੀਕਸ ਦੇ ਪ੍ਰੋਫੈਸਰ ਹਨ। ਸਾਲ 2015 ਵਿੱਚ ਨੀਦਰਲੈਂਡ ਵਿੱਚ ਇੱਕ ਯੂਰਪਨ ਨਿਊਕਲੀਅਰ ਫਿਜੀਕਸ ਕਾਨਫਰੰਸ ਹੋਈ ਸੀ, ਜਿੱਥੇ 31 ਅਗਸਤ 2015 ਤੋਂ ਚਾਰ ਸਤੰਬਰ 2015 ਤੱਕ ਕਾਨਫਰੰਸ ਵਿੱਚ ਸਰਦੂਲ ਸਿੰਘ ਨੂੰ ਭਾਰਤ ਵੱਲੋਂ ਸੱਦਿਆ ਗਿਆ ਸੀ। ਪੰਜ ਦਿਨਾਂ ਕਾਨਫਰੰਸ ਦੇ ਬਾਅਦ ਉਹ ਨੀਦਰਲੈਂਡ ਤੋਂ ਨਵੀਂ ਦਿੱਲੀ ਆਏ ਤਾਂ ਨਵੀਂ ਦਿੱਲੀ ਤੋਂ ਚੰਡੀਗੜ੍ਹ ਲਈ ਏਅਰ ਇੰਡੀਆ ਦੀ ਫਲਾਈਟ ਲਈ ਅਤੇ ਉਸ ਵਿੱਚ ਬੈਠ ਗਏ, ਪ੍ਰੰਤੂ ਕੁਝ ਦੇਰ ਬਾਅਦ ਉਨ੍ਹਾਂ ਨੂੰ ਫਲਾਈਟ ਤੋਂ ਉਤਾਰ ਦਿੱਤਾ ਗਿਆ ਸੀ।

# ਡੇਢ ਸਾਲ ਦਾ ਬੱਚਾ ਬਸ ਸਟੈਂਡ ਛੱਡ ਕੇ ਭੱਜ ਗਈ ਮਾਂ ਉਤੇ ਕੇਸ ਦਰਜ



ਜਲੰਧਰ, 7 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ੁੱਕਰਵਾਰ ਨੂੰ ਬਸ ਸਟੈਂਡ ਅੰਦਰ ਡੇਢ ਸਾਲ ਦਾ ਬੱਚਾ ਛੱਡ ਕੇ ਭੱਜ ਗਈ ਔਰਤ ਦੇ ਖਿਲਾਫ ਚੌਕੀ ਬਸ ਸਟੈਂਡ ਦੀ ਪੁਲਸ ਨੇ ਮੁਕੱਦਮਾ ਦਰਜ ਕਰ ਲਿਆ ਹੈ। ਉਸ ਔਰਤ ਦੀ ਪਛਾਣ ਸੰਦੀਪ ਕੌਰ ਪਤਨੀ ਦੀਪ ਸਿੰਘ ਵਾਸੀ ਆਬਾਦਗੜ੍ਹ ਪਠਾਨਕੋਟ ਵਜੋਂ ਕੀਤੀ ਗਈ ਹੈ।

ਚੌਕੀ ਬਸ ਸਟੈਂਡ ਦੇ ਇੰਚਾਰਜ ਮਦਨ ਸਿੰਘ ਨੇ ਦੱਸਿਆ ਕਿ ਸੰਦੀਪ ਕੌਰ ਜਦੋਂ ਆਪਣੇ ਘਰੋਂ ਭੱਜੀ ਤਾਂ ਉਸ ਦੇ ਸਹੁਰੇ ਪਰਵਾਰ ਨੇ ਪਠਾਨਕੋਟ ਪੁਲਸ ਨੂੰ ਗੁੰਮਸ਼ੁਦਾ ਦੀ ਰਿਪੋਰਟ ਦਰਜ ਕਰਾਈ ਸੀ। ਬੱਚਾ ਮਿਲਣ ਪਿੱਛੋਂ ਕੰਟਰੋਲ ਰੂਮ ਨੂੰ ਇਸ ਦੀ ਸੂਚਨਾ ਦਿੱਤੀ ਤਾਂ ਪਤਾ ਲੱਗਾ ਕਿ ਪਠਾਨਕੋਟ ਤੋਂ ਇੱਕ ਔਰਤ ਆਪਣੇ ਬੱਚੇ ਨਾਲ ਗਾਇਬ ਹੈ। ਪਠਾਨਕੋਟ ਪੁਲਸ ਨਾਲ ਸੰਪਰਕ ਤੋਂ ਬਾਅਦ ਬੱਚੇ ਦਾਦੀ ਨੂੰ ਦੱਸਿਆ ਗਿਆ। ਪੁਲਸ ਨੇ ਬੱਚਾ ਸ਼ਨੀਵਾਰ ਨੂੰ ਨਾਰੀ ਨਿਕੇਤਨ ਭੇਜ ਦਿੱਤਾ ਸੀ, ਪਰ ਪੂਰੀ ਜਾਂਚ ਤੋਂ ਬਾਅਦ ਬੱਚੇ ਨੂੰ ਦਾਦੀ ਦੇ ਹਵਾਲੇ ਕਰ ਦਿੱਤਾ ਜਾਵੇਗਾ। ਪੁਲਸ ਜਾਂਚ ਵਿੱਚ ਪਤਾ ਲੱਗਾ ਕਿ ਔਰਤ ਦੀ ਦੋਸਤੀ ਫਿਰੋਜ਼ਪੁਰ ਦੇ ਵਸਨੀਕ ਟਰੱਕ ਡਰਾਈਵਰ ਨਾਲ ਸੋਸ਼ਲ ਸਾਈਟ ਉਤੇ ਹੋਈ ਸੀ, ਜਿਸ ਤੋਂ ਬਾਅਦ ਦੋਵਾਂ 'ਚ ਪ੍ਰੇਮ ਸ਼ੁਰੂ ਹੋ ਗਿਆ। ਔਰਤ ਦਾ ਪਤੀ ਦੁਬਈ 'ਚ ਹੈ। ਦੱਸਿਆ ਜਾਂਦਾ ਹੈ ਕਿ ਔਰਤ ਦੇ ਸਹੁਰਿਆਂ ਨੂੰ ਉਸ ਦੇ ਪ੍ਰੇਮੀ ਬਾਰੇ ਪਤਾ ਲੱਗ ਗਿਆ ਸੀ। ਉਸ ਪਿੱਛੋਂ ਸੰਦੀਪ ਕੌਰ ਫਰਾਰ ਹੈ, ਜਿਸ ਦੀ ਭਾਲ ਕੀਤੀ ਜਾ ਰਹੀ ਹੈ।

# 5000 ਲੋਕ ਆਪਣੇ ਹੀ ਪਿੰਡਾਂ ਵਿੱਚ ਦੋ ਵੱਖ-ਵੱਖ ਰਾਜਾਂ ਦੇ ਵੋਟਰ

*** ਮਹਾਰਾਸ਼ਟਰ-ਤੇਲੰਗਾਨਾ ਦੇ ਸਰਹੱਦੀ ਵਿਵਾਦ ਵਿੱਚ 14 ਪਿੰਡ ਉਲਝੇ**



ਨਾਗਪੁਰ, 7 ਅਪ੍ਰੈਲ (ਪੋਸਟ ਬਿਊਰੋ)- ਮਹਾਰਾਸ਼ਟਰ ਅਤੇ ਤੇਲੰਗਾਨਾ ਦੀ ਸਰਹੱਦ ਉਤੇ ਵਸੇ 14 ਪਿੰਡਾਂ ਦੇ ਵੋਟਰ ਇਸ ਉਲਝਣ ਵਿੱਚ ਹਨ ਕਿ ਉਹ ਕਿਸ ਸੂਬੇ ਦੇ ਉਮੀਦਵਾਰ ਨੂੰ ਵੋਟ ਦੇਣ। ਇਸ ਦਾ ਕਾਰਨ ਇਹ ਹੈ ਕਿ ਲਗਭਗ 5000 ਵੋਟਰਾਂ ਦੇ ਨਾਂਅ ਦੋਵਾਂ ਰਾਜਾਂ ਦੀ ਵੋਟਰ ਲਿਸਟ ਵਿੱਚ ਹਨ। ਇਨ੍ਹਾਂ ਕੋਲ ਦੋਵਾਂ ਰਾਜਾਂ ਦੇ ਵੋਟਰ ਆਈ ਕਾਰਡ ਹਨ। ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਕਈ ਵੋਟਰਾਂ ਨੇ ਦੋਵਾਂ ਰਾਜਾਂ ਵਿੱਚ ਵੋਟ ਪਾਏ ਸਨ। ਸਰਹੱਦੀ ਸੀਟਾਂ ਚੰਦਰਪੁਰ ਅਤੇ ਆਦਿਲਾਬਾਦ ਵਿੱਚ ਵੱਖ-ਵੱਖ ਗੇੜ ਵਿੱਚ ਚੋਣਾਂ ਹੋਈਆਂ ਸਨ, ਪਰ ਇਸ ਵਾਰ ਦੋਵਾਂ ਸੀਟਾਂ 'ਤੇ ਇੱਕੋ ਦਿਨ 11 ਅਪ੍ਰੈਲ ਨੂੰ ਵੋਟਾਂ ਪੈਣੀਆਂ ਹਨ। ਇਸ ਸਾਰੀ ਉਲਝਣ ਪਿੱਛੇ 57 ਸਾਲ ਪੁਰਾਣਾ ਸਰਹੱਦੀ ਵਿਵਾਦ ਹੈ।

ਇਨ੍ਹਾਂ ਚੌਦਾਂ ਪਿੰਡਾਂ ਵਿੱਚੋਂ ਇੱਕ ਪਿੰਡ ਦੇ ਵਸਨੀਕ ਰਾਮਦਾਸ ਰਣਵੀਰ ਦੱਸਦੇ ਹਨ ਕਿ ਇਸ ਦੀ ਸ਼ੁਰੂਆਤ 1962 ਵਿੱਚ ਹੋਈ, ਜਦੋਂ ਭਾਸ਼ਾ ਮੁਤਾਬਕ ਪਿੰਡ ਦੀ ਸਰਹੱਦ ਮਿਥੀ ਗਈ ਸੀ। ਸਾਨੂੰ ਮਰਾਠੀ ਆਉਂਦੀ ਹੋਣ ਕਾਰਨ ਮਹਾਰਾਸ਼ਟਰ ਵਿੱਚ ਮੰਨੇ ਗਏ ਅਤੇ 1970 ਤੋਂ ਮਹਾਰਾਸ਼ਟਰ ਦੀਆਂ ਯੋਜਨਾਵਾਂ ਇਥੇ ਸ਼ੁਰੂ ਹੋਈਆਂ। ਸਾਲ 1977 ਵਿੱਚ ਆਂਧਰਾ ਪ੍ਰਦੇਸ਼ ਨੇ ਵੀ ਇਥੇ ਸਹੂਲਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਪੰਜ ਅਗਸਤ 1993 ਨੂੰ ਓਦੋਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ਼ਰਦ ਪਵਾਰ ਨੇ ਵਿਧਾਨ ਸਭਾ ਵਿੱਚ ਸਾਫ ਕਿਹਾ ਕਿ ਇਹ ਪਿੰਡ ਮਹਾਰਾਸ਼ਟਰ ਦੇ ਹਨ। ਆਂਧਰਾ ਪ੍ਰਦੇਸ਼ ਇਸ ਵਿਵਾਦ ਨੂੰ 1996 ਵਿੱਚ ਹੈਦਰਾਬਾਦ ਹਾਈ ਕੋਰਟ ਲੈ ਗਿਆ ਅਤੇ ਮਹਾਰਾਸ਼ਟਰ ਸਰਕਾਰ ਇਸ ਨੂੰ ਸੁਪਰੀਮ ਕੋਰਟ ਲੈ ਗਈ। 17 ਸਤੰਬਰ 1997 ਨੂੰ ਹੁਕਮ ਹੋਇਆ ਕਿ ਪਿੰਡ ਮਹਾਰਾਸ਼ਟਰ ਵਿੱਚ ਰਹਿਣਗੇ। ਇਸ ਹੁਕਮ ਦਾ ਉਸ ਵਕਤ ਦੇ ਆਂਧਰਾ ਪ੍ਰਦੇਸ਼ ਅਤੇ ਅੱਜ ਦੇ ਤੇਲੰਗਾਨਾ ਨੇ ਕਦੀ ਵੀ ਪਾਲਣ ਨਹੀਂ ਕੀਤਾ ਤੇ ਵਿਵਾਦ ਅਜੇ ਜਾਰੀ ਹੈ। ਇਨ੍ਹਾਂ ਪਿੰਡਾਂ ਦੀਆਂ ਪੰਜ ਪੰਚਾਇਤਾਂ ਹਨ ਅਤੇ ਹਰ ਪੰਚਾਇਤ ਦੇ ਦੋ-ਦੋ ਸਰਪੰਚ ਹਨ, ਇੱਕ ਤੇਲੰਗਾਨਾ ਸਰਕਾਰ ਲਈ ਤੇ ਦੂਸਰਾ ਮਹਾਰਾਸ਼ਟਰ ਲਈ।

ਅੱਜਕੱਲ੍ਹ ਦੋਵਾਂ ਹੀ ਰਾਜਾਂ ਦੇ ਅਫਸਰ ਪਿੰਡ ਵਿੱਚ ਆ ਕੇ ਵੋਟਿੰਗ ਕਰਨ ਲਈ ਕਹਿ ਰਹੇ ਹਨ। ਵੋਟਾਂ ਦੇ ਸਮੇਂ ਦੋਵੇਂ ਰਾਜ ਆਪੋ-ਆਪਣੇ ਬਣਾਏ ਸਕੂਲਾਂ ਵਿੱਚ ਵੋਟਾਂ ਪਾਉਣ ਦੀ ਤਿਆਰੀ ਕਰ ਰਹੇ ਹਨ। ਪਿੰਡਾਂ ਦਾ ਦੌਰਾ ਕਰ ਆਏ ਚੋਣ ਅਫਸਰ ਐੱਸ ਐੱਮ ਆਸਕਰ ਅਤੇ ਉਨ੍ਹਾਂ ਦੀ ਟੀਮ ਦਾ ਕਹਿਣਾ ਸੀ ਕਿ ਅਸੀਂ 14 ਪਿੰਡਾਂ ਦੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਦੂਸਰੇ ਪਾਸੇ ਚੰਦਰਪੁਰ ਦੇ ਕੁਲੈਕਟਰ ਡਾਕਟਰ ਕੁਣਾਲ ਖੇਮਨਾਰ ਦਾ ਕਹਿਣਾ ਹੈ ਕਿ ਦੋਵਾਂ ਰਾਜਾਂ ਦੀ ਵੋਟਰ ਸੂਚੀ ਵਿੱਚ ਨਾਂਅ ਹੋਣਾ ਅਤੇ ਦੋ ਥਾਂ ਵੋਟ ਪਾਉਣਾ ਗੈਰ ਕਾਨੂੰਨੀ ਹੈ। ਇਸ ਲਈ ਅਸੀਂ ਲਗਾਤਾਰ ਤੇਲੰਗਾਨਾ ਦੇ ਉਚ ਅਧਿਕਾਰੀਆਂ ਨਾਲ ਗੱਲ ਕਰ ਰਹੇ ਹਾਂ, ਪਰ ਇਹ ਸਮੱਸਿਆ ਲਗਾਤਾਰ ਬਣੀ ਹੋਈ ਹੈ। ਦੋਵਾਂ ਸਰਕਾਰਾਂ ਦੇ ਸਕੂਲ ਇਨ੍ਹਾਂ ਪਿੰਡਾਂ ਵਿੱਚ ਵੱਖੋ-ਵੱਖ ਹਨ ਤੇ ਦੋਵਾਂ ਸਰਕਾਰਾਂ ਨੇ ਆਪੋ ਆਪਣੇ ਸਕੂਲਾਂ ਵਿੱਚ ਪੋਲਿੰਗ ਬੂਥ ਬਣਾਏ ਹੋਏ ਹਨ।

## ਰੀਡਰ ਰਿਸ਼ਵਤ ਲੈਂਦਾ ਵਿਜੀਲੈਂਸ ਨੇ ਫੜਿਆ

ਜਲੰਧਰ, 7 ਅਪ੍ਰੈਲ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਜਲੰਧਰ ਦੀ ਟੀਮ ਨੇ ਥਾਣਾ ਰਾਮਾ ਮੰਡੀ ਦੇ ਐੱਸ ਐੱਚ ਓ ਦੇ ਰੀਡਰ ਨੂੰ ਇੱਕ ਵਿਅਕਤੀ ਤੋਂ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ ਐੱਸ ਪੀ ਵਿਜੀਲੈਂਸ ਨਿਰੰਜਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੁਖਵਿੰਦਰ ਸਿੰਘ ਨੇ ਸ਼ਿਕਾਇਤ ਦਿੱਤੀ ਕਿ ਉਸ ਉਤੇ ਥਾਣਾ ਰਾਮਾ ਮੰਡੀ ਵਿੱਚ ਦੋ ਪਰਚੇ ਦਰਜ ਹਨ ਅਤੇ ਐਸ ਐਚ ਓ ਦਾ ਰੀਡਰ ਹੌਲਦਾਰ ਜਤਿੰਦਰ ਸਿੰਘ ਕੇਸ ਵਿੱਚੋਂ ਉਸ ਦਾ ਨਾਂਅ ਕੱਢਣ ਲਈ ਪੰਜ ਹਜ਼ਾਰ ਰੁਪਏ ਰਿਸ਼ਵਤ ਮੰਗਦਾ ਹੈ। ਇਸ ਉਤੇ ਵਿਜੀਲੈਂਸ ਟੀਮ ਨੇ ਸੁਖਵਿੰਦਰ ਸਿੰਘ ਨੂੰ ਪੰਜ ਹਜ਼ਾਰ ਰੁਪਏ ਦੇ ਨੋਟ ਰੰਗ ਲਾ ਕੇ ਦਿੱਤੇ। ਵਿਜੀਲੈਂਸ ਟੀਮ ਵਿੱਚ ਸ਼ਾਮਲ ਇੰਸਪੈਕਟਰ ਮਨਦੀਪ ਸਿੰਘ ਅਤੇ ਹੋਰਨਾਂ ਨੇ ਸਰਕਾਰੀ ਗਵਾਹਾਂ ਸਮੇਤ ਥਾਣਾ ਰਾਮਾ ਮੰਡੀ ਵਿੱਚ ਟਰੈਪ ਲਗਾ ਕੇ ਜਤਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ।

**Beauty Parlour ਲਈ ਲੜਕੀਆਂ ਦੀ ਲੋੜ ਹੈ**

Beauty/Hair Salon in **Mississauga** ਲਈ **hair cutting** (**Gents/Ladies**) ਅਤੇ **Threading/waxing** ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। **Barber** ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ

**Off: 905-814-7400**
**Ph: 416-566-9678**

# ਸ਼ਿਵ ਸੈਨਾ ਆਗੂ ਦਾ ਪੁਰਾਣਾ ਸ਼ਾਲਾ ਬੱਸ ਅੱਡੇ ਉਤੇ ਗੋਲੀਆਂ ਮਾਰ ਕੇ ਕਤਲ



ਗੁਰਦਾਸਪੁਰ, 5 ਅਪਰੈਲ, (ਪੋਸਟ ਬਿਊਰੋ)- ਇਸ ਜ਼ਿਲੇ ਦੇ ਪੁਰਾਣਾ ਸ਼ਾਲਾ ਬੱਸ ਅੱਡੇ ਉੱਤੇ ਤਿੰਨ ਮੋਟਰ ਸਾਈਕਲ ਸਵਾਰਾਂ ਨੇ ਸ਼ਿਵ ਸੈਨਾ ਦੇ ਆਗੂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਉਨ੍ਹਾਂ ਨੇ ਸ਼ਿਵ ਸੈਨਾ ਆਗੂ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਵੀ ਹਮਲਾ ਕੀਤਾ ਅਤੇ ਬੱਸ ਅੱਡੇ ਉੱਤੇ ਸ਼ੋਰ ਮਚਣ ਪਿੱਛੋਂ ਮੌਕੇ ਤੋਂ ਭੱਜਣ ਵਿੱਚ ਸਫ਼ਲ ਹੋ ਗਏ।

ਪਤਾ ਲੱਗਾ ਹੈ ਕਿ ਅੱਜ ਦੇਰ ਸ਼ਾਮ ਪੁਰਾਣਾ ਸ਼ਾਲਾ ਬੱਸ ਅੱਡੇ ਵਿੱਚ ਮੋਟਰਸਾਈਕਲ ਉੱਤੇ ਸਵਾਰ ਤਿੰਨ ਅਣਪਛਾਤੇ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਸ਼ਿਵ ਸੈਨਾ ਬਾਲ ਠਾਕਰੇ ਦਾ ਜ਼ਿਲ੍ਹਾ ਉਪ ਪ੍ਰਧਾਨ ਮਾਰ ਦਿੱਤਾ ਹੈ। ਇਸ ਦੀ ਸੂਚਨਾ ਮਿਲਦੇ ਸਾਰ ਜ਼ਿਲ੍ਹਾ ਪੁਲਿਸ ਮੁਖੀ ਸਵਰਨਦੀਪ ਸਿੰਘ ਤੇ ਹੋਰ ਅਧਿਕਾਰੀ ਓਥੇ ਪਹੁੰਚੇ। ਦੱਸਿਆ ਗਿਆ ਹੈ ਕਿ ਅਜੇ ਕੁਮਾਰ ਪੁੱਤਰ ਸੌਦਾਗਰ ਪਿੰਡ ਖਾੜੀਆ ਦੇਰ ਸ਼ਾਮ ਸ਼ਿਵ ਸੈਨਾ ਬਾਲ ਠਾਕਰੇ ਦੇ ਜ਼ਿਲ੍ਹਾ ਪ੍ਰਧਾਨ ਵਰਿੰਦਰ ਮੁੰਨਾ ਨਾਲ ਪੁਰਾਣਾ ਸ਼ਾਲਾ ਬੱਸ ਅੱਡੇ ਉੱਤੇ ਖੜਾ ਸੀ ਕਿ ਅਚਾਨਕ ਇਕ ਮੋਟਰਸਾਈਕਲ ਉੱਤੇ ਸਵਾਰ ਤਿੰਨ ਨੌਜਵਾਨਾਂ ਨੇ ਅਜੇ ਕੁਮਾਰ ਉੱਤੇ ਗੋਲੀ ਚਲਾ ਦਿੱਤੀ। ਫਿਰ ਉਨ੍ਹਾਂ ਨੇ ਉਸ ਉੱਤੇ ਦਾਤਰ ਆਦਿ ਨਾਲ ਹਮਲਾ ਕੀਤਾ ਅਤੇ ਸ਼ੋਰ ਮੱਚਣ ਉੱਤੇ ਭੱਜਣ ਵਿੱਚ ਸਫਲ ਹੋ ਗਏ। ਅਜੇ ਕੁਮਾਰ ਨੂੰ ਗੰਭੀਰ ਹਾਲਤ ਵਿੱਚ ਗੁਰਦਾਸਪੁਰ ਦੇ ਅਬਰੋਲ ਮੈਡੀਕਲ ਸੈਂਟਰ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਇਸ ਪਿੱਛੋਂ ਸ਼ਿਵ ਸੈਨਾ ਬਾਲ ਠਾਕਰੇ ਪੰਜਾਬ ਦੇ ਉਪ ਪ੍ਰਮੁੱਖ ਹਰਵਿੰਦਰ ਸੋਨੀ ਨੇ ਦੋਸ਼ ਲਾਇਆ ਕਿ ਪੁਲਿਸ ਨੂੰ ਪਹਿਲਾਂ ਹੀ ਇਸ ਦੀ ਜਾਣਕਾਰੀ ਦਿੱਤੀ ਗਈ ਸੀ, ਫਿਰ ਵੀ ਕੋਈ ਸੁਰੱਖਿਆ ਪ੍ਰਬੰਧ ਨਹੀਂ ਕੀਤਾ ਗਿਆ।

**AZ ਡਰਾਇਵਰਾਂ ਦੀ ਲੋੜ ਹੈ**

"New Drivers are welcome"

- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ

647.456.8520 | 416.904.0715

*Matrimonial*

ਰਿਸ਼ਤੇ ਹੀ ਰਿਸ਼ਤੇ

Marriage

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਰਾਮਗੜ੍ਹੀਆ ਕੇਨੈਡੀਅਨ ਸਿਟੀਜ਼ਨ, ਉਮਰ 24 ਸਾਲ, ਕੱਦ 5'-6", Pharmacy Graduate ਖੁਦ ਆਪਣਾ ਟਰੱਕਿੰਗ ਬਿਜ਼ਨਸ ਚਲਾ ਰਹੇ ਲੜਕੇ ਲਈ ਸੁੰਦਰ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। Send Bio data & Recent photo at whatsapp +1 647-294-1068 or +1 289-242-8681

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

## ਲੜਕੀ ਦੀ ਲੋੜ

A handsome, slim & athletic Senior Software Engineer in a Toronto Bank, M.S from USC, California, Cultured, Never Married Canadian Permanent Resident, June 1980/5'7", owns house, seeks a suitable slim, cultured, professionally qualified match below 36. MUST Email BHP to sb2can@gmail.com / 6477455075

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures. E -mail: matri.response2018@gmail. com

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

**Wanted Office Clerk & Office Administrator**

- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

**Cell n Tell Distribution Inc.**
1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**STARLANE PAINTING**
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

## ਪੰਜ ਮਹੀਨਿਆਂ ਤੋਂ ਗ੍ਰਾਂਟ ਰੁਕੀ ਹੋਣ ਨਾਲ ਕਾਲਜ ਅਧਿਆਪਕਾਂ ਨੂੰ ਤਨਖਾਹਾਂ ਦੀ ਉਡੀਕ

ਜਲੰਧਰ, 7 ਅਪ੍ਰੈਲ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਲਈ ਬਿਗਲ ਵੱਜ ਚੁੱਕਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਬੀਤੇ ਪੰਜ ਮਹੀਨਿਆਂ ਤੋਂ ਗਰਾਂਟ ਜਾਰੀ ਨਹੀਂ ਕੀਤੀ ਤਾਂ ਜਿਹੜੇ ਕਾਲਜਾਂ ਦੀ ਕਮੇਟੀ ਵਿੱਤੀ ਪੱਖੋਂ ਮਜ਼ਬੂਤ ਸੀ, ਉਨ੍ਹਾਂ ਨੇ ਇਕ-ਇੱਕ ਮਹੀਨੇ ਦੀ ਤਨਖਾਹ ਆਪਣੇ ਪੱਲਿਓਂ ਦੇ ਦਿੱਤੀ ਹੈ। ਜਿਨ੍ਹਾਂ ਕਾਲਜਾਂ ਦੀ ਕਮੇਟੀ ਵਿੱਤੀ ਪੱਖ ਤੋਂ ਕਮਜ਼ੋਰ ਹੈ, ਉਨ੍ਹਾਂ ਉੱਤੇ ਨਿਰਭਰ ਲੈਕਚਰਾਰਾਂ ਨੂੰ ਤਨਖਾਹ ਜਾਰੀ ਹੁੰਦੀ ਹੈ ਜਾਂ ਨਹੀਂ, ਇਸ ਬਾਰੇ ਪਤਾ ਨਹੀਂ। ਜਾਣਕਾਰ ਸੂਤਰਾਂ ਮੁਤਾਬਕ ਪੰਜਾਬ ਸਰਕਾਰ ਦਾ ਖਜ਼ਾਨਾ ਖਾਲੀ ਹੋਣ ਕਰਕੇ ਕਾਲਜਾਂ ਦੀ ਗਰਾਂਟ ਰਿਲੀਜ਼ ਨਹੀਂ ਹੋ ਸਕੀ। ਡਿਪਟੀ ਡਾਇਰੈਕਟਰ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਗਰਾਂਟ ਇਨ ਏਡ ਹੇਠ ਕੰਮ ਕਰਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਨੂੰ ਤਨਖਾਹ ਦੇਣ ਦੀ ਗੱਲ ਆਖੀ ਹੈ। ਕਾਲਜਾਂ ਨੂੰ ਭੇਜੇ ਨੋਟੀਫਿਕੇਸ਼ਨਾਂ ਮੁਤਾਬਕ ਮੁਲਾਜ਼ਮਾਂ ਦੀ ਤਨਖਾਹ ਦੀ ਅਦਾਇਗੀ ਮੈਨੇਜਮੈਂਟ ਨੇ ਕਰਨੀ ਹੈ। ਪ੍ਰਬੰਧਕੀ ਕਮੇਟੀ ਵੱਲੋਂ ਦਿੱਤੀ ਜਾਂਦੀ ਤਨਖਾਹ ਨੂੰ ਗਰਾਂਟ ਦੀ ਸ਼ਕਲ ਵਿੱਚ ਰਾਜ ਸਰਕਾਰ ਜਾਰੀ ਕਰਦੀ ਹੈ। ਨੋਟੀਫਿਕੇਸ਼ਨ ਵਿੱਚ ਦਿੱਤੀਆਂ ਹਦਾਇਤਾਂ ਕਾਲਜ ਮੈਨੇਜਮੈਂਟਾਂ ਨਾ ਮੰਨਣ ਤਾਂ ਹਰ ਕਾਰਵਾਈ ਦੀ ਜ਼ਿੰਮੇਵਾਰੀ ਪ੍ਰਿੰਸੀਪਲ ਜਾਂ ਪ੍ਰਬੰਧਕੀ ਕਮੇਟੀ ਦੀ ਹੋਵੇਗੀ। ਕਾਲਜਾਂ ਨੂੰ ਮਾਰਚ ਤੋਂ ਅਕਤੂਬਰ ਤੱਕ ਗਰਾਂਟ ਜਾਰੀ ਗਈ ਹੈ, ਪਰ ਨਵੰਬਰ ਤੋਂ ਮਾਰਚ ਤੱਕ ਦੀ ਗਰਾਂਟ ਰਿਲੀਜ਼ ਹੋਣੀ ਹੈ। ਪੰਜਾਬ ਵਿੱਚ ਕੁੱਲ 137 ਏਡਿਡ ਕਾਲਜ ਹਨ, ਜਿਨ੍ਹਾਂ ਦੀ ਹਰ ਮਹੀਨੇ ਦੀ ਗਰਾਂਟ 100 ਕਰੋੜ ਰੁਪਏ ਦੇ ਕਰੀਬ ਬਣਦੀ ਹੈ।

## ਪੀ ਡੀ ਏ ਗੱਠਜੋੜ ਵੱਲੋਂ ਲੁਧਿਆਣਾ ਹਲਕੇ ਤੋਂ ਸਿਮਰਜੀਤ ਬੈਂਸ ਉਮੀਦਵਾਰ ਹੋਣਗੇ

ਲੁਧਿਆਣਾ, 7 ਅਪ੍ਰੈਲ (ਪੋਸਟ ਬਿਊਰੋ)- ਲੰਮੀ ਉਡੀਖ ਪਿੱਛੋਂ ਕੱਲ੍ਹ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਨੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਮੌਜੂਦਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਉਮੀਦਵਾਰ ਬਣਾ ਦਿੱਤਾ ਹੈ। ਇਹ ਐਲਾਨ ਲੋਕ ਇਨਸਾਫ ਪਾਰਟੀ ਦੇ ਸਰਪ੍ਰਸਤ ਬਲਵਿੰਦਰ ਸਿੰਘ ਬੈਂਸ ਨੇ ਕੀਤਾ ਹੈ। ਇਸ ਸੰਬੰਧ ਵਿੱਚ ਲੋਕ ਇਨਸਾਫ ਪਾਰਟੀ ਨੇ ਆਪਣੇ ਮੁੱਖ ਦਫਤਰ ਕੋਟ ਮੰਗਲ ਸਿੰਘ ਵਿਖੇ ਪਾਰਟੀ ਵਰਕਰਾਂ ਦਾ ਇਕੱਠ ਕਰ ਕੇ ਲੁਧਿਆਣਾ ਤੋਂ ਉਮੀਦਵਾਰ ਦੇ ਨਾਂਅ ਦਾ ਐਲਾਨ ਕੀਤਾ ਹੈ। ਉਹ ਚੋਣ ਨਿਸ਼ਾਨ 'ਲੈਟਰ ਬਾਕਸ' ਉਤੇ ਹੀ ਚੋਣ ਲੜਨਗੇ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਉਨ੍ਹਾਂ ਦਾ ਚੋਣਾਂ ਵਿੱਚ ਮੁੱਖ ਏਜੰਡਾ ਲੁਧਿਆਣਾ ਜ਼ਿਲੇ ਦਾ ਵਿਕਾਸ, ਮਾਫੀਆ ਤੇ ਭ੍ਰਿਸ਼ਟਾਚਾਰ ਤੋਂ ਮੁਕਤੀ ਤੇ ਚਿੱਟੇ ਦਾ ਖਾਤਮਾ ਕਰਨਾ ਹੈ। ਅਕਾਲੀ ਦਲ ਵੱਲੋਂ ਇਸ ਹਲਕੇ ਤੋਂ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਚੋਣ ਲੜਨ ਦੀ ਚਰਚਾ ਦੇ ਬਾਰੇ ਉਨ੍ਹਾਂ ਕਿਹਾ ਕਿ ਜੇ ਬਿਕਰਮ ਸਿੰਘ ਮਜੀਠੀਆ ਲੁਧਿਆਣਾ ਤੋਂ ਚੋਣ ਲੜਨ ਤਾਂ ਉਹ ਅਕਾਲੀ ਦਲ ਦੇ ਧੰਨਵਾਦੀ ਹੋਣਗੇ। ਪੀ ਡੀ ਏ ਗੱਠਜੋੜ ਵਿੱਚ ਸ਼ਾਮਲ ਲੋਕ ਇਨਸਾਫ ਪਾਰਟੀ ਦੇ ਸਰਪ੍ਰਸਤ ਬਲਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਪਾਰਟੀ ਭਾਵੇਂ 2019 ਦੀ ਲੋਕ ਸਭਾ ਲੜ ਰਹੀ ਹੈ, ਪਰ ਨਿਸ਼ਾਨਾ 2022 ਦੀਆਂ ਵਿਧਾਨ ਸਭਾ ਚੋਣਾਂ ਦਾ ਹੈ।



## ਸਾਰਾਗੜ੍ਹੀ ਸਰਾਂ ਵਿੱਚ ਸਫਾਈ ਦੇ ਬਹਾਨੇ ਹੇਠ ਗੁਰੂ ਕੀ ਗੋਲਕ ਦੀ ਲੁੱਟ ਜਾਰੀ

ਅੰਮ੍ਰਿਤਸਰ, 7 ਅਪ੍ਰੈਲ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੀ ਸਹੂਲਤ ਲਈ ਬਣਾਈ ਗਈ ਆਲੀਸ਼ਾਨ ਸਾਰਾਗੜ੍ਹੀ ਸਰਾਂ ਵਿੱਚ ਸਫਾਈ ਦਾ ਕੰਮ 27 ਅਪ੍ਰੈਲ 2017 ਨੂੰ ਤਿੰਨ ਮਹੀਨਿਆਂ ਲਈ ਇੱਕ ਪ੍ਰਾਈਵੇਟ ਕੰਪਨੀ ਨੂੰ ਦਿੱਤਾ ਗਿਆ ਸੀ, ਪਰ ਉਸ ਤੋਂ ਬਾਅਦ ਦੁਬਾਰਾ ਟੈਂਡਰ ਹੀ ਨਹੀਂ ਲਾਏ ਗਏ।



ਇਹ ਪ੍ਰਗਟਾਵਾ ਕੱਲ੍ਹ ਸਮਾਜ ਸੇਵੀ ਮਨਦੀਪ ਸਿੰਘ ਮੰਨਾ ਨੇ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰੇਕ ਕਮਰੇ ਦੀ ਸਫਾਈ ਲਈ ਉਸ ਕੰਪਨੀ ਨੂੰ ਰੋਜ਼ 200 ਰੁਪਏ ਪ੍ਰਤੀ ਕਮਰਾ ਦੇ ਹਿਸਾਬ ਭੁਗਤਾਨ ਕੀਤਾ ਜਾਂਦਾ ਹੈ, ਜਦ ਕਿ ਕੁਝ ਹੋਰ ਕੰਪਨੀਆਂ ਇਸ ਤੋਂ ਕਿਤੇ ਘੱਟ ਰੇਟ ਉਤੇ ਇਹ ਕੰਮ ਲੈਣ ਨੂੰ ਤਿਆਰ ਹਨ, ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਕਈ ਵਾਰ ਚਿੱਠੀਆਂ ਵੀ ਲਿਖੀਆਂ ਹਨ, ਇਸ ਦੇ ਬਾਵਜੂਦ ਨਵੇਂ ਟੈਂਡਰ ਨਾ ਕਰਵਾ ਕੇ ਗੁਰੂ ਰਾਮਦਾਸ ਜੀ ਦੀ ਗੋਲਕ ਦੀ ਲੁੱਟ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਰਾਗੜ੍ਹੀ ਸਰਾਂ ਦੇ 238 ਕਮਰੇ ਹਨ, ਜਿਨ੍ਹਾਂ 'ਚੋਂ 200 ਕਮਰੇ ਵੀ ਰੋਜ਼ ਲੱਗਣ ਤਾਂ 200 ਰੁਪਏ ਹਰ ਕਮਰੇ ਦੇ ਹਿਸਾਬ ਨਾਲ ਉਕਤ ਕੰਪਨੀ ਨੂੰ ਚਾਲੀ ਹਜ਼ਾਰ ਰੁਪਏ ਰੋਜ਼ ਦਾ ਭੁਗਤਾਨ ਹੁੰਦਾ ਹੈ, ਜਿਸ 'ਤੇ ਜੀ ਐਸ ਟੀ ਵੱਖਰਾ ਦਿੱਤਾ ਜਾ ਰਿਹਾ ਹੈ, ਜਦ ਕਿ ਸ਼੍ਰੋਮਣੀ ਕਮੇਟੀ ਨੂੰ ਜੀ ਐਸ ਟੀ ਟੈਕਸ ਮੁਆਫ ਹੈ। ਮੰਨਾ ਨੇ ਕਿਹਾ ਕਿ ਸਿੱਖਾਂ ਦੀ ਮਿੰਨੀ ਸਰਕਾਰ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਕਮੇਟੀ ਕੋਲ ਵੱਡੀ ਗਿਣਤੀ ਵਿੱਚ ਸਫਾਈ ਸੇਵਕ ਹੋਣ ਦੇ ਬਾਵਜੂਦ ਸਾਰਾਗੜ੍ਹੀ ਸਰਾਂ ਦੀ ਸਫਾਈ ਦਾ ਕੰਮ ਪ੍ਰਾਈਵੇਟ ਕੰਪਨੀ ਨੂੰ ਇੰਨਾ ਮਹਿੰਗਾ ਕਿਉਂ ਦਿੱਤਾ ਗਿਆ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਦਾ ਕਹਿਣਾ ਹੈ ਕਿ ਸਾਰਾਗੜ੍ਹੀ ਸਰਾਂ ਵਿੱਚ ਸਫਾਈ ਦੇ ਕੰਮ ਲਈ ਨਵੇਂ ਟੈਂਡਰ ਲਾਉਣ ਦੀ ਫਾਈਲ ਕਲੀਅਰ ਕਰ ਦਿੱਤੀ ਹੈ ਤੇ ਛੇਤੀ ਹੀ ਨਵੇਂ ਟੈਂਡਰ ਲਾ ਦਿੱਤੇ ਜਾਣਗੇ।

## ਨਗਰ ਕੌਂਸਲ ਦੇ ਅਕਾਲੀ ਪ੍ਰਧਾਨ ਦੇ ਸ਼ੈਲਰ ਤੋਂ 805 ਪੇਟੀ ਸ਼ਰਾਬ ਫੜ੍ਹੀ ਗਈ

ਨਵਾਂ ਸ਼ਹਿਰ, 7 ਅਪ੍ਰੈਲ (ਪੋਸਟ ਬਿਊਰੋ)- ਥਾਣਾ ਸਦਰ ਨਵਾਂ ਸ਼ਹਿਰ ਦੀ ਪੁਲਸ ਨੇ ਰਾਹੋਂ ਦੇ ਨਗਰ ਕੌਂਸਲ ਪ੍ਰਧਾਨ ਹੇਮੰਤ ਰਣਦੇਵ ਦੇ ਸ਼ੈਲਰ ਵਿੱਚੋਂ 805 ਪੇਟੀਆਂ ਨਾਜਾਇਜ਼ ਸ਼ਰਾਬ ਫੜੀ ਹੈ। ਇਹ ਹਰਿਆਣਾ ਤੋਂ ਲਿਆਂਦੀ ਗਈ ਸੀ। ਪੁਲਸ ਨੇ ਇਸ ਬਾਰੇ ਨਗਰ ਕੌਂਸਲ ਪ੍ਰਧਾਨ ਸਣੇ ਚਾਰ ਜਣਿਆਂ ਉੱਤੇ ਕੇਸ ਦਰਜ ਕੀਤਾ ਹੈ। ਇੰਨੀ ਜ਼ਿਆਦਾ ਸ਼ਰਾਬ ਫੜੇ ਜਾਣ ਦਾ ਇਹ ਪਹਿਲਾ ਮਾਮਲਾ ਹੈ। ਇਸ ਬਾਰੇ ਟਰੱਕ ਚਾਲਕ ਅਤੇ ਕਲੀਨਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਨਗਰ ਕੌਂਸਲ ਦੇ ਪ੍ਰਧਾਨ ਅਤੇ ਅਕਾਲੀ ਆਗੂ ਨੇ ਇਸ ਨੂੰ ਰਾਜਨੀਤਕ ਰੰਜਿਸ਼ ਕਰਾਰ ਦਿੱਤਾ ਹੈ। ਇਸ ਸੰਬੰਧ ਵਿੱਚ ਐੱਸ ਪੀ (ਜਾਂਚ) ਵਜੀਰ ਸਿੰਘ ਖਹਿਰਾ ਨੇ ਦੱਸਿਆ ਕਿ ਥਾਣਾ ਸਦਰ ਅਤੇ ਸੀ ਆਈ ਏ ਦੀ ਪੁਲਸ ਨੇ ਸਾਂਝੀ ਕਾਰਵਾਈ ਕਰ ਕੇ ਵੱਡੀ ਮਾਤਰਾ ਵਿੱਚ ਇਹ ਨਾਜਾਇਜ਼ ਸ਼ਰਾਬ ਫੜੀ ਹੈ। ਜ਼ਿਕਰ ਯੋਗ ਹੈ ਕਿ ਘੱਕੇਵਾਲ ਪੁਲ ਨਹਿਰ ਲਾਗੇ ਬੌਬੀ ਪ੍ਰਧਾਨ ਰਾਹੋਂ ਦੀ ਰਾਈਸ ਮਿਲ 'ਚੋਂ ਇੱਕ ਟਰੱਕ ਵਿੱਚ ਭਾਰੀ ਮਾਤਰਾ 'ਚ ਸ਼ਰਾਬ ਲਿਆਂਦੀ ਗਈ ਹੈ। ਰਾਤ ਕਰੀਬ ਡੇਢ ਵਜੇ ਮਿਲ ਉਤੇ ਛਾਪਾ ਮਾਰਕੇ ਇਹ ਸ਼ਰਾਬ ਫੜ੍ਹੀ ਗਈ।

## ਨਹਿਰੂ ਦੀ ਨਾਂਹ ਕਾਰਨ ਬਰਿਊਰੀਜ਼ ਨੂੰ ਮਿਲਿਆ ਸੀ 'ਮੋਹਨ ਮੀਕਨ' ਨਾਂਅ

ਸੋਲਨ, 7 ਅਪ੍ਰੈਲ (ਪੋਸਟ ਬਿਊਰੋ)- ਕਿਸੇ ਵਕਤ ਦੀ ਡਾਇਰ ਮੀਕਨ ਬਰਿਊਰੀਜ਼ ਲਿਮਟਿਡ ਨੂੰ ਕਦੇ ਵੀ ਮੋਹਨ ਮੀਕਨ ਬਰਿਊਰੀਜ਼ ਲਿਮਟਿਡ ਦਾ ਨਾਂਅ ਨਹੀਂ ਸੀ ਮਿਲਣਾ, ਜੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਸ਼ਿਮਲੇ ਜਾਂਦੇ ਸਮੇਂ ਸਾਲ 1960 ਵਿੱਚ ਇਥੇ ਜਾਣ ਤੋਂ ਇਨਕਾਰ ਨਾ ਕਰ ਦੇਂਦੇ। ਕੰਪਨੀ ਮਾਲਕ ਨਰਿੰਦਰ ਨਾਥ ਮੋਹਨ ਦੀ ਇੱਛਾ ਸੀ ਕਿ ਪ੍ਰਧਾਨ ਮੰਤਰੀ ਨਹਿਰੂ ਉਨ੍ਹਾਂ ਦੀ ਸੋਲਨ ਵਾਲੀ ਸ਼ਰਾਬ ਫੈਕਟਰੀ ਵਿੱਚ ਜ਼ਰੂਰ ਆਉਣ, ਪਰ ਫੈਕਟਰੀ ਦਾ ਨਾਂਅ ਐਡਵਰਡ ਅਬਰਾਹਮ ਡਾਇਰ ਦੇ ਨਾਂਅ ਨਾਲ ਜੁੜਿਆ ਹੋਣ ਕਾਰਨ ਨਹਿਰੂ ਨੇ ਨਾਂਹ ਕਰ ਦਿੱਤੀ।

ਲੈਫਟੀਨੈਂਟ ਜਨਰਲ (ਸੇਵਾਮੁਕਤ) ਪ੍ਰਦੀਪ ਖੰਨਾ, ਜਿਨ੍ਹਾਂ ਦੇ ਪਿਤਾ ਕ੍ਰਿਸ਼ਨ ਗੋਪਾਲ ਖੰਨਾ 1959 ਤੋਂ ਲੈ ਕੇ 1975 ਤੱਕ ਇਸ ਕੰਪਨੀ ਦੇ ਡਾਇਰੈਕਟਰ (ਫਾਈਨੈਂਸ) ਰਹੇ ਸਨ, ਨੇ ਪੁਰਾਣੀਆਂ ਯਾਦਾਂ ਨੂੰ ਫੋਲਦੇ ਹੋਏ ਦੱਸਿਆ ਕਿ ਪ੍ਰਧਾਨ ਮੰਤਰੀ ਨਹਿਰੂ ਦੀ ਨਾਂਹ ਕਾਰਨ ਇਸ ਫੈਕਟਰੀ ਦੇ ਨਾਂਅ ਨਾਲੋਂ 'ਡਾਇਰ' ਦਾ ਸ਼ਬਦ ਹਟਾਇਆ ਗਿਆ। ਪਹਿਲੀ ਨਵੰਬਰ 1966 ਨੂੰ ਇਸ ਕੰਪਨੀ ਦਾ ਨਾਂਅ ਬਦਲ ਕੇ ਮੋਹਨ ਮੀਕਨ ਬਰਿਊਰੀਜ਼ ਰੱਖਿਆ ਗਿਆ ਤੇ 24 ਅਪ੍ਰੈਲ 1980 ਤੋਂ ਇਹ ਮੋਹਨ ਮੀਕਨ ਲਿਮਟਿਡ ਵਜੋਂ ਜਾਣੀ ਜਾਂਦੀ ਹੈ। ਅਸਲ ਵਿੱਚ ਐਡਵਰਡ ਡਾਇਰ ਨੇ ਕਸੌਲੀ ਵਿੱਚ 1855 ਵਿੱਚ ਬੀਅਰ ਬਣਾਉਣ ਤੇ ਸੋਲਨ ਵਿੱਚ ਸ਼ਰਾਬ ਬਣਾਉਣ ਦੀ ਫੈਕਟਰੀ ਲਾਈ ਸੀ। ਇਹ ਏਸ਼ੀਆ ਵਿੱਚ ਬੀਅਰ ਬਣਾਉਣ ਦੀ ਪਹਿਲੀ ਫੈਕਟਰੀ ਸੀ। ਇਸੇ ਦੌਰਾਨ ਇੱਕ ਕਾਰੋਬਾਰੀ ਐੱਚ ਜੀ ਮੀਕਨ, ਜਿਹੜਾ ਬੀਅਰ ਬਣਾਉਣ ਵਾਲੇ ਪ੍ਰਸਿੱਧ ਬਰਟਨ ਆਨ ਟਰੇਂਟ ਪਰਿਵਾਰ ਤੋਂ ਸੀ, ਏਥੇ ਆਇਆ ਅਤੇ ਉਸ ਨੇ ਮੀਕਨ ਐਂਡ ਕੰਪਨੀ ਲਿਮਟਿਡ ਦੀ ਨੀਂਹ ਰੱਖੀ ਅਤੇ ਫਿਰ ਦੋਵਾਂ ਨੇ ਰਲ ਕੇ ਡਾਇਰ ਮੀਕਨ ਐਂਡ ਕੰਪਨੀ ਲਿਮਟਿਡ ਸ਼ੁਰੂ ਕੀਤੀ। ਦੇਸ਼ ਦੀ ਆਜ਼ਾਦੀ ਵੇਲੇ ਅੰਗਰੇਜ਼ ਮਾਲਕ ਇਸ ਫੈਕਟਰੀ ਦੇ ਗਾਹਕ ਦੀ ਭਾਲ ਵਿੱਚ ਲੱਗੇ ਤਾਂ ਉਨ੍ਹਾਂ ਦੀ ਪਹਿਲੀ ਪਸੰਦ ਉਨ੍ਹਾਂ ਦਾ ਮੁਲਾਜ਼ਮ ਸੁਬੋਧ ਚੰਦਰ ਘੋਸ਼ ਸੀ, ਪਰ ਉਸ ਨੇ ਨਾਂਹ ਕਰ ਦਿੱਤੀ।

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
For Owner Operator upto $1.62/mile
USA Driver $0.60/mile | Canada wide $0.50/mile
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ: 416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ਼ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
○ $50 per hr
○ Experience: 5 years or more
○ Education: Bachelors Degree Business/Commerce
Email Resume at umar.w@cellntell.com

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD) 416.554.1869 damanjit@hotmail.com

BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Free Blood Pressure Machine for Seniors
*Some conditions apply
ਫਰੀ ਡਲੀਵਰੀ - Free Delivery
Ph: 905-454-2000
51 Mcmurchy Ave (S) Brampton, ON L6Y 1Y5
Near Queen St (W) & Main st (S)

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋ ਸ਼ਨੀਵਾਰ
• Homely Environment
• Biweekly payment
• ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)


PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਪੁਨਰ ਜਨਮ ਜਾਂ ਮਾਨਸਿਕ ਰੋਗ : ਮੇਘਰਾਜ ਮਿਤਲ



ਅਜੀਤ ਸਿੰਘ ਰੱਖੜਾ
905 794 7882

ਮੇਘ ਰਾਜ ਮਿਤਲ ਤਰਕਸ਼ੀਲ ਲੋਕਾਂ ਦਾ ਡੇਰੇਦਾਰ ਹੈ। 1984 ਤੋਂ ਇਕ ਸੰਪਰਦਾਇ ਦੀ ਤਰ੍ਹਾਂ ਉਹ ਤਰਕਸ਼ੀਲ ਵਿਚਾਰਾਂ ਨੂੰ ਪ੍ਰਚਾਰ ਰਿਹਾ ਹੈ ਅਤੇ ਉਸਨੂੰ ਮੰਨਣਵਾਲੇ ਭਗਤ ਜਨ ਨਾਸਤਕ ਅਖਵਾਉਂਦੇ ਹਨ।ਮੈਂ ਪ੍ਰਮਾਤਮਾ ਦਾ ਪੂਰਾ ਉਪਾਸ਼ਿਕ ਅਤੇ ਪੁਨਰਜਨਮ ਦਾ ਵਿਸ਼ਵਾਸੀਹਾਂ। ਮੇਰੀ ਨਿਜੀ ਖੋਜ ਅਤੇ ਅਧਿਆਤਮਿਕ ਵਿਚਾਰਧਾਰਾ ਅਨੁਸਾਰ ਹਰ ਜੀਵ ਮਰਦਾ ਹੈ ਅਤੇ ਦੁਬਾਰਾ ਜਨਮ ਲੈਂਦਾ ਹੈ। ਮਾਣਸ ਜਨਮ ਵਿਚ ਆਕੇ, ਆਪਣੀ ਮਿਹਨਤ ਨਾਲ ਅਕਾਂਕਸ਼ਾਵਾਂ ਜਾਂ ਨਿਜੀ ਡੀਜ਼ਾਇਰਿਜ਼ ਨੂੰ ਸੋਧ ਲਿਆ ਜਾਵੇ ਤਾਂ ਜਨਮ ਮਰਣ ਖਤਮ ਵੀ ਹੋ ਸਕਦਾ ਹੈ। ਅਧਿਆਤਮਕ ਸ਼ਬਦਾਂ ਵਿਚ, ਇਸ ਸਥਿਤੀ ਨੂੰ ਮੁਕਤੀ ਕਿਹਾ ਜਾਂਦਾ ਹੈ।ਐਸੇ ਵਿਚਾਰਾਂ ਦੇ ਚਲਦਿਆਂ ਮੇਘ ਰਾਜ ਦੇ ਲੇਖਾਂ ਨੂੰ ਮੈਂ ਹਮੇਸ਼ਾ ਗਹੁ ਨਾਲ ਪੜ੍ਹਦਾ ਰਹਿਦਾ ਹਾਂ। ਮਕਸਦ ਕੇਵਲ ਇਕੋ ਹੁੰਦਾ ਹੈ ਕਿ ਪਤਾ ਤਾਂ ਕੀਤਾ ਜਾਵੇ ਕਿ ਇਹ ਬੰਦਾ ਕਿਓਂ ਆਪਣੇ ਅਕੀਦੇ ਦਾ ਜੱਟਲਹੈ।ਕਿਓ ਕਿਸੇ ਨੂੰ ਡਾਹ ਨਹੀਂ ਦੇਂਦਾ। ਪਰ ਹਾਲਾਂ ਤਕ ਉਸਦਾ ਕੋਈ ਵੀ ਤਰਕ ਮਨ ਨੂੰ ਪੋਹ ਨਹੀਂ ਸਕਿਆ। ਕੈਲਗਰੀ ਵਿਚ ਰਹਿੰਦਿਆ ਉਸ ਨਾਲ ਮੁਲਾਕਾਤ ਹੋਈ ਸੀ। ਉਥੇਹੋਈ ਸਭਾ ਵਿਚ ਜਦ ਉਸ ਇਹ ਕਹਿ ਦਿਤਾ ਕਿ ਰੱਬ ਰੁੱਬ ਕੋਈ ਨਹੀਂ ਹੁੰਦਾ ਤਾਂ ਲੋਕ ਉਸਦੇ ਗਲ ਪੈ ਗਏ। ਦਿਲੀਵਿਚ ਰਾਮਲੀਲਾ ਗਰਾਊਂਡ ਵਿਖੇ, ਰਾਮਦੇਵ ਦੇ, ਜਨਾਨੀਆਂ ਵਾਲੇ ਕੱਪੜੇ ਪਾਕੇ ਦੌੜਨ ਵਾਲੀ ਹਾਲਤ ਹੋ ਗਈਸੀ ਉਸਦੀ।ਪਿਛਲੇ ਦਿਨਾ ਵਿਚ, ਇਕ ਖਬੇ ਪੱਖੀ ਅਖਬਾਰ ਵਿਚ ਉਸਦਾ ਸੁਰਲੇਖਕ ਆਰਟੀਕਲ ਪੜ੍ਹਿਆ। ਰੀਐਕਟ ਕਰਨ ਨੂੰ ਦਿਲ ਕਰ ਆਇਆ। ਜਦ ਤੋਂ ਇਸ ਲੇਖਕ ਦਾ ਤਰਕਸ਼ੀਲ ਵਿਚਾਰਵਾਨਾ ਨਾਲ ਲਿਖਤੀ ਭੇੜ ਹੋਇਆ ਹੈ, ਮੈਂ ਆਪਣੀ ਆਸਤਿਕਤਾ ਦੇ ਨਸ਼ਤਰ ਨਾਲ ਉਨਾਂ ਦੀ ਨਾਸਤਿਕਤਾ ਦੀ ਚੀਰ ਫਾੜ ਕਰਦੇ ਰਹਿਣਾ ਆਪਣਾ ਅਖਲਾਕੀ ਫਰਜ ਗਿਣਦਾਹਾਂ।ਜੇ ਉਹ ਆਪਣੀ ਅਕਲ ਉਪਰ ਅੜੇ ਹੋਏ ਹਨ ਤਾਂ ਅਸੀਂ ਆਸਤਕ ਵੀ ਤਾਂ ਉਸੇ ਧਰਤੀ ਦੇ ਜਾਏ ਹਾਂ। ਹਰ ਇਕ ਨੂੰ ਆਪਣਾ ਵਿਸ਼ਵਾਸ ਪਿਆਰਾ ਹੁੰਦਾ ਹੈ।

ਮੇਘਰਾਜ ਨੇ ਆਪਣੇ ਲੇਖ ਵਿਚ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਆਤਮਾ ਨੂੰ ਹਾਲਾ ਕਿਸੇ ਲਬਾਰੇਟਰੀ ਵਿਚ ਸਾਬਤ ਨਹੀਂ ਕੀਤਾ ਗਿਆ। ਇਹ ਪਦਾਰਥ ਵਰਗੀ ਕੋਈ ਸ਼ੈਅ ਨਹੀ ਕੇਵਲ ਕਾਲਪਨਿਕ ਨਾਮ ਹੈ।ਕਿਸੇਨੇ ਸਰੀਰ ਵਿਚੋਂ ਨਿਕਲਦੀ ਵੜਦੀ ਅਜ ਤਕ ਨਹੀਂ ਵੇਖੀ। ਸਰੀਰ ਦੇ ਮਰੇ ਅੰਗਾਂ ਨੂੰ ਡਾਕਟਰ ਫਿਰ ਜਗਾ ਲੈਂਦੇ ਹਨ। ਜੇਕਰ ਆਤਮਾ ਉਸ ਅੰਗ ਵਿਚੋਂ ਨਿਕਲ ਗਈ ਸੀ ਤਾਂ ਮੁੜਕੇ ਆਉਂਦੀ ਦਾ ਕੋਈ ਨਿਸ਼ਾਨ ਜਾਂ ਬਿੜਕ ਕਦੇ ਕਿਸੇ ਸੁਣੀ ਨਹੀਂ। ਉਹ ਕਹਿੰਦਾ ਹੈ ਕਿ ਮਾਦੇ ਦੇ ਆਪਣੇ ਗੁਣ ਹੁੰਦੇ ਹਨ।ਮਾਦਾ ਜਗਾਹ ਘੇਰਦਾ ਹੈ, ਉਸਦਾ ਭਾਰ ਹੁੰਦਾ ਹੈ ਅਤੇ ਐਥੋਂ ਤਕ ਕਿ ਮਾਦੇ ਦੇ ਐਟਮਾਂ ਤਕ ਦਾ ਭਾਰ ਸਾਇੰਸ ਦੇ ਅੰਕੜਿਆ ਵਿਚ ਦਰਜ ਹੈ। ਪਰ ਆਤਮਾ ਬਾਰੇ ਕਿਸੇ ਵੀ ਕਿਸਮ ਦਾ ਕੋਈ ਅੰਕੜਾ ਕਿਤੇ ਨਹੀਂ ਮਿਲਦਾ। ਐਥੇ ਦਸਣਾ ਬਣਦਾ ਹੈ ਕਿ 1901 ਵਿਚ ਇਕ ਅਮਰੀਕਨ ਫਜ਼ੀਸ਼ਨ ਮਕਡੋਗਲ ਨੇ ਆਪਣੇ ਤਜ਼ੁਰਬੇ ਵਿਚ ਆਤਮਾ ਦਾ ਭਾਰ 21,3 ਗ੍ਰਾਮ ਲਿਖਿਆ ਹੈ। ਗੂਗਲ ਸਰਚ ਵਿਚ ਵੇਖਿਆ ਜਾ ਸਕਦਾ ਹੈ। ਹੋਰ ਅਗੇ, ਅਰੁਣਾ ਨਾਮ ਦੀ ਕੁੜੀ ਦੀ ਕਹਾਣੀ ਲਿਖਦਾ ਹੈ ਕਿ ਉਹ ਇਕ ਨਰਸ ਸੀ ਜਿਸ ਨੂੰ ਕਿਸੇ ਗੁੰਡੇ ਨੇ ਸੰਗਲੀ ਪਾਕੇ ਘੜੀਸਿਆ ਸੀ ਜਿਸ ਕਾਰਣ ਉਸਦੀਆਂ ਦਿਮਾਗ ਨੂੰ ਜਾਂਦੀਆਂ ਨਸਾਂ ਖਿਚੀਆ ਗਈਆਂ ਸਨ, ਫਲਸਰੂਪ ਉਹ 42 ਸਾਲਾ ਤਕ ਕੌਮਾ ਵਿਚ ਰਹੀ। ਕੌਮਾ ਵਿਚ ਕਿਹਾ ਜਾਂਦਾ ਹੈ ਕਿ ਆਤਮਾ ਸਰੀਰ ਤੋਂ ਵਖ ਹੋ ਜਾਦੀ ਹੈ।ਪਰ 42 ਸਾਲਾਂ ਵਿਚ ਕਿਸੇ ਨੇ ਕੁੜੀ ਦੀ ਆਤਮਾ ਨੂੰ ਕਿਸੇ ਖਲ ਖੂੰਜੇ ਵਿਚ ਬੈਠੀ ਨਹੀਂ ਵੇਖਿਆ। ਉਹ ਇਹ ਵੀ ਲਿਖਦਾ ਹੈ ਕਿ 1984 ਤੋਂ ਲੈਕੇ ਹੁਣ ਤਕ ਉਹ ਅਤੇ ਹੋਰ ਤਰਕਸ਼ੀਲ, ਕ੍ਰਾਂਤੀਕਾਰੀ50 ਕੇਸਾਂ ਦੀ ਛਾਣ ਬੀਣ ਕਰ ਚੁਕੇ ਹਨ ਜਿਨ੍ਹਾ ਬਾਰੇ ਕਿਹਾ ਜਾ ਰਿਹਾ ਸੀ ਕਿ ਉਨ੍ਹਾ ਨੂੰ ਪਿਛਲੇ ਜਨਮ ਦੀ ਜਾਣਕਾਰੀ ਹੋ ਗਈ ਹੈ। ਸਭ ਦੇ ਸਭ ਝੂਠ ਸਾਬਤ ਹੋਏ ਹਨ। ਲੇਖ ਵਿਚ ਉਹ ਦਸਦਾ ਹੈ ਕਿ ਤਰਕਸ਼ੀਲ ਐਕਟੀਵਿਸਟ 50 ਤੋਂ 100 ਸਵਾਲ ਕਥਤ ਸਬਜੈਕਟ (ਬੰਦੇ)ਨੂੰ ਕਰਦੇ ਹਨ। ਸਵਾਲਾ ਵਿਚੋਂ ਕੇਵਲ 2% ਸਹੀ ਹੁੰਦੇ ਹਨ। ਉਸਦੇ ਇਸ ਕਥਨ ਦੀ ਵੀ ਸਮਝ ਨਹੀਂ ਪੈਂਦੀ ਕਿ ਉਹ ਸਾਵਾਲ ਹੀ 2% ਸਹੀ ਕਰਦੇ ਹਨ ਜਾਂ ਜਵਾਬ 2% ਸਹੀ ਮਿਲਦੇ ਹਨ। ਫਿਰ ਉਹ ਕਹਿੰਦਾ ਹੈ ਕਿ ਬੰਦੇ ਦੇ ਵਿਚਾਰ ਜਾਂ ਸ਼ਬਦ 99% ਨਿਰਾਰਥਕ ਹੁੰਦੇ ਹਨ। ਬੰਦੇ ਦੀ ਅਵਾਜ਼ ਅਤੇ ਗਲਾਂ ਸਰੀਰਕ ਕਮਿਸਟਰੀ ਕਾਰਣ ਵਾਪਰਦੀਆਂ ਹਨ। ਮਿਸਾਲ ਦੇਂਦਾ ਹੈ ਕਿ ਬਾਲਟੀ ਵਿਚ ਚੂਨਾ ਅਤੇ ਪਾਣੀ ਪਾਕੇ ਰੱਖ ਦੇਵੋ। ਕੁਝ ਦੇਰ ਬਾਅਦ ਇਸ ਵਿਚੋਂ ਅਵਾਜਾਂ ਅਤੇ ਗਰਮੀ ਨਿਕਲਣੀ ਸ਼ੁਰੂ ਹੋ ਜਾਵੇਗੀ। ਇਸੇ ਤਰ੍ਹਾ ਸਾਡੇ ਅੰਦਰ ਪਏ ਰਸਾਇਣ ਸਾਡੀ ਅਵਾਜ਼ ਅਤੇ ਵਿਚਾਰਾਂ ਦੇ ਜ਼ਿੰਮੇਦਾਰ ਬਣਦੇ ਹਨ। ਉਹ ਇਹ ਵੀ ਕਹਿੰਦਾ ਹੈ ਕਿ ਅਖਬਾਰਾ ਵਿਚ ਛਪਦੀਆਂ ਬਹੁਤੀਆਂ ਖਬਰਾਂ ਮਨਘੜਤ ਹੁੰਦੀਆਂ ਹਨ। ਮੇਰਾ ਉਸਨੂੰ ਸਵਾਲ ਹੈ ਕਿ ਉਸਦੀਆਂ ਗਲਾਂ ਦੇ ਸਹੀ ਹੋਣ ਦੀ ਕੀ ਗ੍ਰੰਟੀ ਹੈ, ਕਿ ਇਹ ਮਨਘੜਤ ਨਹੀਂ ਹਨ।

ਮੇਘ ਰਾਜ ਆਤਮਾ ਨੂੰ ਬਿਲੀ ਜਾਂ ਕੁਤੇ ਵਰਗੀ ਚੀਜ਼ ਵਾਂਗ ਤਸੱਵਰ ਕਰਦਾ ਹੈ। ਉਹੀ ਨਹੀਂ ਸਭ ਤਰਕਸ਼ੀਲ ਇਕੋ ਬੋਲੀ ਬੋਲਦੇ ਹਨ। ਸਭ ਇਸੇ ਗਲ ਉਪਰ ਅੜੇ ਹੋਏ ਹਨ ਕਿ ਕੋਈ ਵੀ ਸਾਧੂ ਸੰਤ ਰੱਬ ਨਹੀਂ ਹੁੰਦੇ। ਜੇ ਰੱਬ ਸਭ ਜਗਾਹ ਵਿਆਪਿਕ ਹੈ ਤਾਂ ਇਹ ਸਾਧੂ ਸੰਤ ਤਾਂ ਕੇਵਲ ਡੇਰਿਆ ਵਿਚ ਹੀ ਹੁੰਦੇ ਹਨ। ਤਰਕਸ਼ੀਲ ਵੀਰ ਐਥੋਂ ਤਕ ਸਿਧੇ ਲੋਕ ਹਨ ਕਿ ਸੌਦੇ ਸਾਧ ਜਾਂ ਬਾਪੂ ਆਸਾ ਰਾਮ ਦੇ ਹਵਾਲੇ ਨਾਲ ਕਹਿਣਗੇ ਕਿ ਰੱਬ ਇਸ ਤਰ੍ਹਾਂ ਦਾ ਵਿਭਚਾਰੀ ਅਤੇ ਗੰਦਾ ਹੁੰਦਾ ਹੈ ਤਾਂ ਅਸੀਂ ਰੱਬ ਨੂੰ ਕਿਓ ਮੰਨੀਏ। ਤਰਕਸ਼ੀਲ ਵੀਰਾ ਦੇ ਬਚਪਨੇ ਉਪਰ ਸਿਵਾਏ ਹਾਸੇ ਤੋਂ ਹੋਰ ਕੁਝ ਵੀ ਮਨ ਵਿਚ ਨਹੀਂ ਉਗਮਦਾ।

ਭਲਿਓ ਲੋਕੋ ਨਾ ਪਰਮਾਤਮਾ ਅਤੇ ਨਾ ਆਤਮਾ ਕੋਈ ਮਾਦੇ ਵਰਗੀ ਸ਼ੈਅ ਹੈ। ਇਸਦਾਸ਼ਾਇਦ ਕੋਈ ਵਜ਼ਨ ਵੀ ਨਹੀਂ ਹੋ ਸਕਦਾ। ਕਿਸੇ ਵੀ ਊਰਜਾ ਦਾ ਕੋਈ ਵਜ਼ਨ ਨਹੀਂ ਹੁੰਦਾ। ਊਰਜਾ ਦੀਆਂ ਸਮਝ ਆਉਣ ਵਾਲੀਆਂ ਮਿਸਾਲਾਂ ਹਨ: ਬਿਜਲੀ, ਚੁੰਬਕੀ ਸ਼ਕਤੀ ਜਾਂ ਪਿਆਰ ਸ਼ਕਤੀ। ਅਜਿਹੀਆ ਸ਼ਕਤੀਆਂ ਨੂੰ ਅਜ ਤਕ ਕਿਸੇ ਨਹੀਂ ਵੇਖਿਆ। ਮਹਿਸੂਸ ਹਰ ਕਿਸੇ ਕੀਤਾ ਹੈ। ਇਸੇ ਤਰਾਂ ਆਤਮਾ ਅਤੇ ਪਰਮਾਤਮਾ ਕੇਵਲ ਸ਼ਕਤੀਆਂ ਹਨ ਜਿਨ੍ਹਾ ਨੂੰ ਕੋਈ ਨਹੀਂ ਵੇਖ ਸਕਦਾ। ਮਹਿਸੂਸ ਸਭ ਕੋਈ ਕਰ ਸਕਦਾ ਹੈ। ਆਤਮਾ ਸਰੀਰ ਦੇ ਹਰ ਅੰਗ ਵਿਚ ਸਮੋਈ ਹੋਈ ਹੈ। ਐਥੋਂ ਤਕ ਕਿ ਹਰ ਸੈਲ ਦੀ ਆਪਣੀ ਆਤਮਾ ਹੁੰਦੀ ਹੈ। ਅਰਬਾਂ ਖਰਬਾਂ ਆਤਮਾਵਾਂ ਦਾ ਸੰਗ੍ਰਹਿ ਸਾਡਾ ਜੀਵਤ ਸਰੀਰ ਹੈ। ਜਿਵੇਂ ਮਖੀਲ ਜਾਂ ਕੀੜੀਆਂ ਦਾ ਭੋਣ ਇਕ ਇਕ ਮੱਖੀ ਜਾਂ ਕੀੜੀ ਦਾ ਸੰਗ੍ਰਹਿ ਹੁੰਦਾ, ਇਸੇ ਤਰ੍ਹਾ ਸਾਡਾ ਸਰੀਰ ਇਕ ਇਕ ਸੈਲ ਦਾ ਜਮਾ-ਜੋੜ ਹੁੰਦਾ ਹੈ। ਜਿਵੇਂ ਸਭ ਕੀੜੀਆਂ ਜਾਂ ਮਖੀਲ ਦਾ ਇਕ ਸਮੁਚਾ ਐਕਸ਼ਨ ਹੁੰਦਾ ਹੈ, ਇਵੇਂ ਹੀ ਸਭ ਸੈਲਾ ਅਤੇ ਸਭ ਅੰਗਾ ਦਾ ਸਮੁਚਾ ਐਕਸ਼ਨ ਸਾਡਾ ਮਨ ਹੁੰਦਾ ਹੈ, ਜਿਸਨੂੰ ਅਸੀਂ ਬੰਦੇ ਦੀ ਆਤਮਾ ਗਿਣਦੇ ਹਾਂ। ਮਨ ਅਤੇ ਆਤਮਾ ਇਕੋ ਸਿਕੇ ਦੇ ਦੋ ਪਾਸੇ ਹਨ। ਮਖੀਲ ਵਿਚੋਂ ਇਕ ਮੱਖੀ ਮਰ ਜਾਵੇ ਤਾਂ ਮਖੀਲ ਦਾ ਕੰਮ ਰੁਕਦਾ ਨਹੀਂ। ਇਵੇਂਹੀ ਕੋਈ ਅੰਗ ਮਰ ਜਾਵੇ ਤਾਂ ਸਰੀਰ ਮਰਦਾ ਨਹੀਂ। ਜਿਵੇਂ ਮਖੀਲ ਇਕ ਜਗਾਹ ਤੋਂ ਆਪਣਾ ਕਾਰਜ ਖਤਮ ਕਰਕੇਯਾਨੀ ਬੱਚੇ ਪੈਦਾ ਕਰਕੇ, ਕਿਸੇ ਦੂਸਰੀ ਜਗ੍ਹਾ ਜਾ ਬੈਠਦਾ ਹੈ, ਇਵੇਂ ਹੀ ਬੰਦੇ ਦੀ ਆਤਮਾ, ਇਕ ਉਮਰ ਭੋਗਕੇ ਇਕ ਸਰੀਰ ਨੂੰ ਛਡਕੇ ਦੂਸਰੀ ਜਗਾਹ ਜਾ ਜਨਮ ਲੈਂਦੀ ਹੈ।ਇਸ ਅਕੀਦੇ ਬਾਰੇ ਮੈਂ ਕੋਈ 5 ਵਡੇ ਲੇਖ ਲਿਖ ਚੁਕਾ ਹਾਂ।ਹੁਣੇ ਹੁਣੇ ਰੀਲੀਜ਼ ਹੋਈ ਸੀਡੀ (ਸਿਬਲਿੰਗ ਯੂਨੀਵਰਸ) ਵਿਚ ਇਹ ਸਭ ਰੀਕਾਰਡਿਡ ਹਨ।

ਰਹੀ ਗਲ ਆਤਮਾ ਦੇ ਪੁਨਰ ਜਨਮ ਦੇ ਵਿਸ਼ਵਾਸ ਨੂੰ ਮਾਨਸਿਕ ਰੋਗ ਕਹਿਣਾ ਦੀ, ਮੇਘ ਰਾਜ ਨੂੰ 21ਵੀਂ ਸਦੀ ਦੀ ਸਰਬ ਪ੍ਰਵਾਨਿਤ ਫਿਲਾਸਫੀ ਉਪਰ ਗੌਰ ਫਰਮਾਉਣਾ ਚਾਹੀਦੈ। ਕਹਿੰਦੇ ਹਨ ਕਿ ਜਨ ਗਣਨਾਹੀ ਸਮੂਹਕਰਾਏ ਦਾ ਮਾਪਦੰਡ ਹੁੰਦੀ ਹੈ। ਜਿਸਰਾਏ ਨੂੰ ਜਾਂ ਜਿਸ ਵਿਸ਼ਵਾਸ ਨੂੰ ਵਧ ਗਿਣਤੀ ਲੋਕ ਸਹੀ ਮੰਨਦੇ ਹੋਣ, ਉਹ ਮੁਦਾ ਸਚ ਦੇ ਆਸ ਪਾਸ ਪਹੁੰਚ ਜਾਂਦਾ ਹੈ। ਦੁਨੀਆਂ ਦੇ ਤਕਰੀਬਨ ਸਭ ਧਰਮ ਆਤਮਾ ਅਤੇ ਪ੍ਰਮਾਤਮਾ ਦੇ ਵਿਸ਼ਵਾਸੀ ਹਨ। ਸਾਰੀ ਦੁਨੀਆਂ ਕਿਸੇ ਨਾ ਕਿਸੇ ਧਰਮ ਨਾਲ ਜੁੜੀ ਪਈ ਹੈ। ਫਲਸਰੂਪ ਕਹਿ ਸਕਦੇ ਹਾਂ ਕਿ ਦੁਨੀਆਂ ਦਾ 90% ਹਿਸਾ ਆਸਤਿਕ ਹੈ। ਜੋ 10% ਨਹੀਂ ਮੰਨਦੇ, ਉਨਹਾ ਦੀ ਗਿਣਤੀ ਉਨ੍ਹਾ ਲੋਕਾਂ ਵਿਚ ਹੀ ਸੋਚੀ ਜਾ ਸਕਦੀ ਜੋ ਕਨੇਡਾ ਵਿਚ 15% ਤੋਂ ਵੀ ਵਧ ਹਨ।ਕਨੇਡਾ ਦੇ ਅੰਕੜੇ ਦਸਦੇ ਹਨ ਕਿ 15% ਲੋਕ ਮਾਨਸਿਕ ਬੀਮਾਰ ਹਨ।ਅਮ੍ਰਿਤਸਰ ਸ਼ਹਿਰ ਵਿਚ ਹਰਿਆਣਾ, ਪੰਜਾਬ ਅਤੇ ਚੰਦੀਗੜ ਦੇ ਲੋਕਾਂ ਵਾਸਤੇ ਇਸ ਸਮੇ 450 ਬਿਸਤਰਿਆਂ ਦਾ ਮੈਂਟਲ ਹੌਸਪੀਟਲ ਹੈ(ਜਿਸ ਨੂੰ ਅਮ੍ਰਿਤਸਰ ਦਾ ਪਾਗਲਖਾਨਾ ਕਹਿੰਦੇ ਹਨ) ਇਹ ਗਿਣਤੀਤਰਕ ਸ਼ੀਲਾਂ ਵੀਰਾਂ ਦੀ ਕੁਲ ਮੈਂਬਰ (ਸੰਸਥਾ) ਗਿਣਤੀ ਨਾਲੋਂ ਕਿਤੇ ਜ਼ਿਆਦਾ ਹੈ।

# ਮਿੰਨੀ ਕਹਾਣੀਆਂ

## ਅੱਜ ਦੀ ਖੁਸ਼ੀ

-ਪਰਮਜੀਤ ਕੌਰ

ਪੁਰਾਣੇ ਸਮਿਆਂ ਵਿੱਚ ਮਾਵਾਂ ਨੇ ਧੀਆਂ ਨੂੰ ਬਹੁਤਾ ਹੱਸਦੇ ਦੇਖ ਲੈਣਾ ਤਾਂ ਕਹਿਣਾ, 'ਬੱਸ ਕਰੋ, ਜ਼ਿਆਦਾ ਹਾਸਾ ਚੰਗਾ ਨਹੀਂ ਹੁੰਦਾ, ਮਗਰੋਂ ਰੋਣਾ ਪੈਂਦੈ।'

ਅੱਜ ਜਦੋਂ ਮੀਤੀ ਨੇ ਕਿਹਾ, 'ਮੈਂ ਬਹੁਤ ਖੁਸ਼ ਆਂ। ਦਿਲ ਕਰਦੈ ਐਵੇਂ ਈ ਹੱਸੀ ਜਾਵਾਂ।' ਤਾਂ ਮਨ 'ਚ ਆਇਆ ਕਿ ਕਹਿ ਦਿਆਂ, ਬਹੁਤਾ ਨਹੀਂ ਹੱਸੀਦਾ, ਪਿੱਛੋਂ ਰੋਣਾ ਪੈਂਦੈ। ਫਿਰ ਮਨ ਨੇ ਕਿਹਾ ਕਿ ਉਹ ਨੂੰ ਅੱਜ ਵਿੱਚ ਤਾਂ ਖੁਸ਼ ਰਹਿਣ ਦੇ।'

## ਅਭਾਗਣ

-ਹਰਪ੍ਰੀਤ ਕੌਰ ਘੁੰਨਸ

ਗੁਰਜੀਤ ਦੇ ਵਿਆਹ ਤੋਂ ਪਹਿਲੀ ਸ਼ਾਮ ਜਿਉਂ ਹੀ ਨ੍ਹਾਈ ਧੋਈ ਹੋਣ ਲੱਗੀ ਤਾਂ ਪਹਿਲਾ ਵਟਣਾ ਗੁਰਜੀਤ ਦੀ ਮਾਂ ਨੇ ਲਾਇਆ, ਦੂਜਾ ਭੂਆ ਤੇ ਤੀਜਾ ਤਾਈ ਨੇ ਲਾਇਆ। ਫਿਰ ਦੋ ਜਣੀਆਂ ਨੇ ਉਚੀ ਹੇਕ 'ਚ ਓਹੀ ਗੀਤ ਗਾਇਆ, ਮੈਂ ਵਾਰੀ ਤੀਜਾ ਬੰਨਾ ਕੀਹਨੇ ਲਾਇਆ, ਤਾਈ ਤਾ ਇਹਦੀ ਸਦਾ ਸੁਹਾਗਣ, ਤੀਜਾ ਬੰਨਾ ਓਹਨੇ ਲਾਇਆ। ਦੀਪੋ ਨੇ ਕੋਲ ਖੜੀ ਆਪਣੀ ਧੀ ਪ੍ਰੀਤ ਨੂੰ ਕਿਹਾ, 'ਚੱਲ ਪੁੱਤ, ਤੂੰ ਵੀ ਤੇਰੇ ਵੀਰ ਨੂੰ ਵਟਣਾ ਲਾ ਦੇ। ਤੇਰੇ ਬਾਪੂ ਦੇ ਮੋਏ ਪਿੱਛੋਂ ਮੈਂ ਅਭਾਗਣ ਤਾਂ ਕਦੇ ਵੀ ਕਿਸੇ ਨੂੰ ਵਟਣਾ ਨ੍ਹੀਂ ਲਾਉਂਦੀ ਹੁੰਦੀ। ਨਾ ਮੈਨੂੰ ਕਦੇ ਵੀ ਕਿਸੇ ਕਿਹਾ ਲਾਉਣ ਨੂੰ।'

ਧੀ ਬੋਲੀ, 'ਕਿਉਂ ਮਾਂ?'

ਦੀਪੋ ਕਹਿੰਦੀ, 'ਹੋਰ ਪੁੱਤ, ਇਥੇ ਚਰਚਾ ਥੋੜ੍ਹੀ ਕਰਵਾਉਣੀ ਐ ਲੋਕਾਂ ਤੋਂ! ਐਵੇਂ ਕੁਸ਼ਗਨ ਹੋ ਜਾਊ।'

ਬੇਵੱਸ ਧੀ ਨੇ ਕਿਹਾ, 'ਠੀਕ ਐ ਮੈਂ ਤਾਂ ਆਪ ਨ੍ਹੀਂ ਲਾਉਣਾ।'

ਮਾਂ ਕਹਿੰਦੀ, 'ਠੀਕ ਐ ਪੁੱਤ, ਤੇਰੀ ਮਰਜ਼ੀ।'

ਪ੍ਰੀਤ ਦੀਆਂ ਅੱਖਾਂ ਮਾਂ ਨੂੰ ਕਹਿ ਰਹੀਆਂ ਸੀ ਕਿ 'ਮਾਂ ਲੋਕਾਂ ਲਈ ਤੂੰ ਅਭਾਗਣ ਹੋਵੇਂਗੀ, ਪਰ ਮੇਰਾ ਤਾਂ ਭਾਗ ਹੀ ਤੂੰ ਹੈ।' ਪ੍ਰੀਤ ਸੋਚ ਰਹੀ ਸੀ ਕਿ ਕੀ ਇੱਕੀਵੀਂ ਸਦੀ 'ਚ ਵੀ ਰੂੜੀਵਾਦੀ ਤੇ ਝੂਠੀਆਂ ਲੋਕ ਵਿਚਾਰਾਂ ਪਿੱਛਾ ਨਹੀਂ ਛੱਡਣਗੀਆਂ? ਜਿਨ੍ਹਾਂ ਦੇ ਸਿਰ 'ਤੇ ਪਤੀ ਦਾ ਸਾਇਆ ਨਹੀਂ ਹੁੰਦਾ, ਕੀ ਉਨ੍ਹਾਂ ਨੂੰ ਸਾਰੀ ਜ਼ਿੰਦਗੀ ਖੁਸ਼ੀਆਂ 'ਚ ਸ਼ਰੀਕ ਹੋਣ ਦੀ ਇਜਾਜ਼ਤ ਨਹੀਂ ਮਿਲੇਗੀ? ਇਨ੍ਹਾਂ ਸੋਚਾਂ 'ਚ ਸਮਾਂ ਅੱਖ ਝਪਕਣ ਵਾਂਗ ਲੰਘ ਗਿਆ। ਜਦੋਂ ਪ੍ਰੀਤ ਨੂੰ ਆਲੇ ਦੁਆਲੇ ਦਾ ਧਿਆਨ ਆਇਆ ਤਾਂ ਨ੍ਹਾਈ ਧੋਈ ਹੋ ਚੁੱਕੀ ਸੀ।

# ਹਲਕਾ ਫੁਲਕਾ

ਸੋਨੂੰ ਪਤਨੀ ਨੂੰ ਅੰਗਰੇਜ਼ੀ ਸਿਖਾ ਰਿਹਾ ਸੀ।

ਪਤਨੀ ਦੁਪਹਿਰ ਵੇਲੇ ਭੋਜਨ ਲਿਆਈ ਅਤੇ ਬੋਲੀ, ''ਲਓ ਜੀ, ਡਿਨਰ ਕਰ ਲਓ।''

ਸੋਨੂੰ, ''ਓ ਅਨਪੜ੍ਹ, ਦਿਨ ਵੇਲੇ ਡਿਨਰ ਨਹੀਂ ਲੰਚ ਕਹਿੰਦੇ ਹਨ।''

ਪਤਨੀ, ''ਜ਼ਿਆਦਾ ਗਿਆਨ ਨਾ ਦਿਓ, ਇਹ ਰਾਤ ਦਾ ਬਚਿਆ ਹੋਇਆ ਭੋਜਨ ਹੈ, ਚੁੱਪਚਾਪ ਡਿਨਰ ਕਰ ਲਓ।''

*********

ਪਤੀ, ''ਕੀ ਗੱਲ ਹੈ, ਅੱਜ ਘਰ ਬੜਾ ਸਾਫ-ਸੁਥਰਾ ਲੱਗ ਰਿਹਾ ਹੈ। ਕੀ ਵਟਸਐਪ ਬੰਦ ਹੈ ਤੇਰਾ?''

ਪਤਨੀ, ''ਨਹੀਂ, ਉਹਦਾ ਚਾਰਜਰ ਨਹੀਂ ਮਿਲ ਰਿਹਾ ਸੀ, ਲੱਭਣ ਦੇ ਚੱਕਰ ਵਿੱਚ ਸਫਾਈ ਹੋ ਗਈ।''

*********

ਇੱਕ ਔਰਤ ਵਿਧਵਾ ਪੈਨਸ਼ਨ ਦਾ ਫਾਰਮ ਭਰਨ ਗਈ। ਅਧਿਕਾਰੀ ਨੇ ਪੁੱਛਿਆ, ''ਤੁਹਾਡੇ ਪਤੀ ਨੂੰ ਗੁਜ਼ਰੇ ਕਿੰਨਾ ਸਮਾਂ ਹੋਇਆ ਹੈ?''

ਔਰਤ, ''ਉਹ ਤਾਂ ਅਜੇ ਘਰ ਵਿੱਚ ਹੀ ਹਨ।''

ਅਧਿਕਾਰੀ, ''ਫਿਰ ਇਹ ਫਾਰਮ ਕਿਉਂ ਭਰ ਰਹੀ ਏਂ?''

ਔਰਤ, ''ਸਾਹਿਬ ਜੀ, ਸਰਕਾਰੀ ਕੰਮ ਵਿੱਚ ਸਮਾਂ ਤਾਂ ਲੱਗਦਾ ਹੈ ਨਾ, ਜਦੋਂ ਇਹ ਕੰਮ ਤੱਕ ਹੋਵੇਗਾ, ਉਸ ਵੇਲੇ ਤੱਕ ਮਰ ਹੀ ਜਾਣਗੇ।''

# ਉਜੜ ਗਈ ਝਿੜੀ ਦੇ ਵਿਲਕਦੇ ਪੰਖੇਰੂ

-ਪਰਮਜੀਤ ਸਿੰਘ ਕੁਠਾਲਾ

ਬਚਪਨ ਵੱਲ ਮੁੜ ਕੇ ਵੇਖੀਦਾ ਹੈ ਤਾਂ ਪਿੰਡ ਵਾਲੇ ਰਾਹ ਵਾਲੀ ਝਿੜੀ ਨੂੰ ਯਾਦ ਕਰਕੇ ਕਸੀਸ ਜਿਹੀ ਵੱਟ ਲਈਦੀ ਹੈ। ਪੰਜਾਹ ਸੱਠ ਵਿੱਘਿਆਂ ਉਪਰ ਸਦੀਆਂ ਤੋਂ ਉਗਿਆ ਵਿਸ਼ਾਲ ਜੰਗਲ ਪਿੰਡ ਦੇ ਲੋੜਵੰਦਾਂ, ਖਾਸ ਕਰ ਮਜ਼ਹਬੀ ਸਿੱਖ ਅਤੇ ਰਵੀਦਾਸੀਆ ਲੋਕਾਂ ਦੀਆਂ ਸਭੇ ਲੋੜਾਂ ਪੂਰੀਆਂ ਕਰਨ ਦਾ ਕੁਦਰਤੀ ਸਰੋਤ ਸੀ। ਆਦਿ ਵਾਸੀ ਖੇਤਰਾਂ ਵਿੱਚ ਜਲ, ਜ਼ਮੀਨ ਤੇ ਜੰਗਲ ਦੀ ਰਾਖੀ ਲਈ ਚੱਲ ਰਹੇ ਲਹੂ ਵੀਟਵੇਂ ਘੋਲਾਂ ਬਾਰੇ ਜਦੋਂ ਪੜ੍ਹੀਦਾ ਹੈ ਤਾਂ ਅੱਖਾਂ ਮੂਹਰੇ ਪਿੰਡ ਦੀ ਉਜੜ ਗਈ ਝਿੜੀ ਵਿਚਲੇ ਜੰਡਾਂ, ਕਿੱਕਰਾਂ, ਝਾੜੀਆਂ, ਟਾਹਲੀਆਂ, ਪਿੱਪਲਾਂ, ਬਰੋਟਿਆਂ ਅਤੇ ਸਲਵਾੜ ਦਾ ਜੰਗਲ ਅਤੇ ਜ਼ਿਹਨ ਵਿੱਚ ਵਿਲਕਦੇ ਖਰਗੋਸ਼, ਤਿੱਤਰਾਂ, ਬਟੇਰੇ, ਘੁੱਗੀਆਂ ਤੇ ਚਿੜੀਆਂ ਘੁੰਮਣ ਲੱਗਦੇ ਹਨ। ਜੰਗਲ ਪਾਣੀ, ਪਸ਼ੂ ਚਾਰਨ, ਚੁੱਲ੍ਹੇ ਚੌਂਕੇ ਲਈ ਬਾਲਣ, ਸ਼ਮਸ਼ਾਨਘਾਟ ਤੇ ਹੱਡਾਰੋੜੀ ਤੋਂ ਇਲਾਵਾ ਵਿਹੜੇ ਦੀ ਮੁੰਡ੍ਹੀਰ ਲਈ ਖੇਡਣ ਲਈ ਬੱਸ ਇਹ ਝਿੜੀ ਹੀ ਮਕਬੂਲ ਥਾਂ ਸੀ। ਝਿੜੀ ਦੇ ਚੜ੍ਹਦੇ ਬੰਨੇ ਖੂੰਜੇ ਵਿੱਚ ਉਗਿਆ ਸੰਘਣਾ ਸਲਵਾੜ ਮੁੱਢ ਕਦੀਮ ਤੋਂ ਵਿਹੜੇ ਦੀਆਂ ਔਰਤਾਂ ਲਈ ਰਾਖਵਾਂ ਸੀ। ਕੋਈ ਮਰਦ ਇਸ ਪਾਸੇ ਝਾਕਣਾ ਵੀ ਮਰਿਆਦਾ ਦੀ ਉਲੰਘਣਾ ਸਮਝਦਾ ਸੀ। ਇਕ ਖੂੰਜੇ ਵਿੱਚ ਬਣੀ ਹੱਡਾਰੋੜੀ ਵਿੱਚ ਗਿਰਝਾਂ ਦਾ ਝੁੰਡ ਤੇ ਕੁੱਤਿਆਂ ਦਾ ਹਜੂਮ ਮੁਰਦਾ ਪਸ਼ੂਆਂ ਦਾ ਮਾਸ ਘਰੂੰਡਦਾ ਰਹਿੰਦਾ। ਪਿੰਡ ਵਿੱਚ ਸਭ ਤੋਂ ਵੱਡੀ ਗਿਣਤੀ 'ਚ ਵਸਦੇ ਚਹਿਲ ਗੋਤ ਦੇ ਜੱਟਾਂ ਦਾ ਜੋਗੀ ਪੀਰ ਅਤੇ ਵਿਹੜੇ ਵਾਲਿਆਂ ਦੇ ਵੱਡੇ ਵਡੇਰੇ ਵੀ ਇਥੇ ਹੀ ਸਨ। ਇਨ੍ਹਾਂ ਦੇ ਘਰੀਂ ਸੱਜਰ ਸੂਈ ਲਵੇਰੀ ਦਾ ਦੁੱਧ ਪਹਿਲਾਂ ਜੋਗੀ ਪੀਰ 'ਤੇ ਚੜ੍ਹਾਇਆ ਜਾਂਦਾ ਅਤੇ ਨਵ-ਵਿਆਹੀਆਂ ਅਤੇ ਨਵੇਂ ਜਨਮੇ ਪੁੱਤਾਂ ਨੂੰ ਲੈ ਕੇ ਚਹਿਲਾਂ ਦੀਆਂ ਔਰਤਾਂ ਗੀਤ ਗਾਉਂਦੀਆਂ ਜੋਗੀ ਪੀਰ ਵੱਲ ਮਿੱਟੀ ਕੱਢਣ ਅਤੇ ਮੱਥਾ ਟੇਕਣ ਆਉਂਦੀਆਂ। ਇਹ ਲੋਕ ਸ਼ਰਧਾ ਵੱਸ ਝਿੜੀ ਵਿੱਚੋਂ ਡੱਕਾ ਤੱਕ ਨਾ ਤੋੜਦੇ।

ਬਚਪਨ ਤੋਂ ਜਵਾਨੀ ਤੱਕ ਅਸੀਂ ਵਿਹੜੇ ਦੀ ਮੁੰਡ੍ਹੀਰ ਨਾਲ ਇਸ ਝਿੜੀ ਵਿੱਚ ਤਿੱਤਰਾਂ ਤੇ ਖਰਗੋਸ਼ਾਂ ਦਾ ਸ਼ਿਕਾਰ ਖੇਡਦੇ ਰਹੇ। ਪੜ੍ਹਨ ਵਾਲਿਆਂ ਲਈ ਝਿੜੀ ਨਾਲੋਂ ਸ਼ਾਂਤ ਤੇ ਇਕਾਂਤ ਜਗ੍ਹਾ ਹੋਰ ਕੋਈ ਨਹੀਂ ਸੀ। ਮੈਂ ਅੰਗਰੇਜ਼ੀ ਦੇ ਟੈਂਸ, ਰਸਾਇਣ ਵਿ-ਗਆਨ ਦੇ ਫਾਰਮੂਲੇ ਅਤੇ ਫਿਜ਼ਿਕਸ ਵਿੱਚ ਨਿਊਟਨ ਦੇ ਗਤੀ ਦੇ ਨਿਯਮ ਇਸੇ ਝਿੜੀ ਵਿੱਚ ਸਲਵਾੜ ਦੇ ਬੂਝਿਆਂ ਦਾ ਸਿਰਹਾਣਾ ਲਾ ਕੇ ਯਾਦ ਕੀਤੇ। ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਬੂਟਾ ਸਿੰਘ ਸ਼ਾਦ ਅਤੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਤੋਂ ਲੈ ਕੇ ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ, ਸੰਤ ਰਾਮ ਉਦਾਸੀ, ਪਾਸ਼ ਤੇ ਮਿੰਦਰਪਾਲ ਭੱਠਲ ਦੀਆਂ ਕਵਿਤਾਵਾਂ ਸਮੇਤ ਢੇਰ ਸਾਰਾ ਸਾਹਿਤ ਝਿੜੀ ਵਿੱਚ ਬਹਿ ਕੇ ਪੜ੍ਹਿਆ। ਛੱਪੜ ਕੰਢੇ ਬਰੋਟਿਆਂ ਹੇਠਾਂ ਮੁੰਡ੍ਹੀਰ ਪਿੰਡ ਵਿੱਚ ਲੁਕ ਛਿਪ ਕੇ ਚੱਲ ਰਹੀਆਂ ਮੁਹੱਬਤਾਂ ਦੀਆਂ ਕਹਾਣੀਆਂ ਸੁਆਦ ਲੈ-ਲੈ ਸੁਣਾਉਂਦੀ। ਵਿਹੜੇ ਦੇ ਲੋਕ ਬਾਲਣ ਲਈ ਲੱਕੜਾਂ ਤੇ ਸਿਆਲ ਦੀ ਰੁੱਤੇ ਛੱਪਰ ਬਣਾਉਣ ਲਈ ਸਲਵਾੜ ਝਿੜੀ ਵਿੱਚੋਂ ਲਿਜਾਂਦੇ। ਝਿੜੀ ਹਰ ਵਕਤ ਲਹਿਲਹਾਉਂਦੀ ਰਹਿੰਦੀ। ਝਾੜੀਆਂ ਨੂੰ ਲੱਗਦੇ ਲਾਲ ਸੁਰਖ ਬੇਰਾਂ ਨਾਲ ਵਿਹੜੇ ਦੇ ਜੁਆਕਾਂ ਦੀਆਂ ਜੇਬਾਂ ਭਰੀਆਂ ਰਹਿੰਦੀਆਂ। ਝਿੜੀ ਵਿੱਚ ਚਰਨ ਲਈ ਛੱਡੇ ਪਸ਼ੂ ਰੱਜ ਕੇ ਉਥੇ ਹੀ ਬਣੇ ਛੱਪੜ ਵਿੱਚ ਤਾਰੀਆਂ ਲਾਉਂਦੇ ਰਹਿੰਦੇ। ਦੀਵਾਲੀ ਵਾਲੇ ਦਿਨ ਵਿਹੜੇ ਦੇ ਲੋਕ ਆਪੋ ਆਪਣੇ ਸਿਵੇ ਵਾਲੀ ਜਗ੍ਹਾ 'ਤੇ ਚਿਰਾਗ ਬਾਲ ਕੇ ਆਉਂਦੇ।

ਇਕ ਦਿਨ ਅਚਾਨਕ ਸਰਕਾਰੀ ਅਫਸਰਾਂ ਦੀਆਂ ਜੀਪਾਂ ਝਿੜੀ ਵਿੱਚ ਆਣ ਖੜੀਆਂ ਸਨ। ਪੰਚਾਇਤ ਨਾਲ ਪਿੰਡ ਦੇ ਮੋਹਤਬਰ ਜ਼ਰੀਬ ਪਾ-ਪਾ ਕੇ ਮਿਣਤੀ ਕਰਦੇ ਰਹੇ। ਪਿੰਡ ਦੇ ਵਿਕਾਸ ਲਈ ਪੰਚਾਇਤ ਦੀ ਆਮਦਨ ਵਧਾਉਣ ਵਾਸਤੇ ਅਫਸਰਾਂ ਵੱਲੋਂ ਝਿੜੀ ਨੂੰ ਪੱਧਰਾ ਕਰਕੇ ਸਫੈਦੇ ਦੇ ਦਰੱਖਤ ਲਾਉਣ ਦੇ ਦਿੱਤੇ ਸੁਝਾਅ 'ਤੇ ਅਗਲੇ ਦਿਨ ਹੀ ਅਮਲ ਸ਼ੁਰੂ ਹੋ ਗਿਆ। ਲੋਕ ਟਰੈਕਟਰ, ਕਹੀਆਂ, ਆਰੇ ਅਤੇ ਕੁਹਾੜੇ ਲੈ ਕੇ ਝਿੜੀ ਉਪਰ ਟੁੱਟ ਪਏ ਅਤੇ ਝਿੜੀ ਦੀ ਜਗ੍ਹਾ ਪੱਧਰਾ ਮੈਦਾਨ ਬਣਾ ਦਿੱਤਾ। ਉਸ ਸਾਲ ਦੀਵਾਲੀ ਵਾਲੇ ਦਿਨ ਮੇਰੇ ਵਾਂਗ ਵਿਹੜੇ ਦੇ ਹੋਰ ਲੋਕ ਚਿਰਾਗ ਬਾਲਣ ਲਈ ਆਪਣੇ ਬਾਪੂਆਂ ਤੇ ਸਕੇ ਸਬੰਧੀਆਂ ਦੇ ਸਿਵੇ ਵਾਲੀ ਜਗ੍ਹਾ ਲੱਭਣ ਦੀ ਕੋਸ਼ਿਸ਼ ਕਰਦੇ ਰਹੇ। ਸਰਾਕਰ ਤੇ ਪੰਚਾਇਤ ਵੱਲੋਂ ਸਫੈਦੇ ਬੀਜੇ ਅਤੇ ਵੱਢੇ ਜਾਂਦੇ ਰਹੇ। ਇਹ ਸਫੈਦੇ ਮਹਿਕਮੇ ਤੇ ਪੰਚਾਇਤ ਦੀ ਕਮਾਈ ਬਣਦੇ ਰਹੇ, ਪਰ ਕਦੇ ਝਿੜੀ ਦਾ ਬਦਲ ਨਾ ਬਣ ਸਕੇ। ਝਿੜੀ ਨੂੰ ਉਜਾੜਨ ਵੇਲੇ ਵਿਹੜੇ ਦੇ ਮੋਹਤਬਰ ਬਣ ਕੇ ਕਹੀਆਂ ਕੁਹਾੜੇ ਚੁੱਕੀ ਫਿਰਦੇ ਬੰਦਿਆਂ ਨੂੰ ਕੁਝ ਸਮੇਂ ਬਾਅਦ ਹੀ ਵਿਹੜੇ ਦੀਆਂ ਤੀਵੀਆਂ ਘੇਰ-ਘੇਰ ਕੇ ਸਵਾਲ ਪੁੱਛਣ ਲੱਗੀਆਂ। ਉਹ ਨਿੰਮੋਝੂਣੇ ਹੋਏ ਆਪਣੇ ਹੱਥੀਂ ਉਜਾੜੀ ਝਿੜੀ ਨੂੰ ਯਾਦ ਕਰਕੇ ਹਉਕਾ ਭਰਦੇ ਤੁਰ ਜਾਂਦੇ। ਵਿਕਾਸ ਦੇ ਨਾਂ ਹੇਠ ਨਾ ਕੋਈ ਵਿਕਾਸ ਹੋਇਆ, ਤੇ ਨਾ ਕਈ ਵਰ੍ਹਿਆਂ ਤੋਂ ਵਿਹਲੀ ਪਈ ਜ਼ਮੀਨ ਉਪਰ ਝਿੜੀ ਮੁੜ ਉਗ ਸਕੀ। ਸੋਚ ਰਿਹਾ ਸਾਂ ਕਿ ਜਲ, ਜ਼ਮੀਨ ਅਤੇ ਜੰਗਲ ਦੀ ਰਾਖੀ ਲਈ ਆਦਿ ਵਾਸੀ ਖੌਰੇ ਇਸ ਸੰਤਾਪ ਤੋਂ ਬਚਣ ਲਈ ਹੀ ਘੋਲ ਕਰ ਰਹੇ ਹਨ।

## ਬਿਊਟੀ ਟਿਪਸ

### ਲਿਪਸਟਿਕ ਵਿੱਚ ਟ੍ਰਾਈ ਕਰੋ ਕੁਝ ਨਵਾਂ

ਮੇਕਅਪ ਕਰਨਾ ਭਲਾ ਕਿ ਲੜਕੀ ਨੂੰ ਪਸੰਦ ਨਹੀਂ ਹੁੰਦਾ, ਪਰ ਕੁਝ ਲੜਕੀਆਂ ਬੋਲਡ ਮੇਕਅਪ ਪਸੰਦ ਕਰਦੀਆਂ ਹਨ ਤਾਂ ਕੁਝ ਡੀਸੈਂਟ ਲੁਕ ਵਾਲਾ ਲਾਈਟ ਮੇਕਅਪ। ਹਾਂ ਹਰ ਲੜਕੀ ਦੀ ਮੇਕਅਪ ਕਿੱਟ ਵਿੱਚ ਕੁਝ ਚੀਜ਼ਾਂ ਕਾਮਨ ਹੁੰਦੀਆਂ ਹਨ, ਜਿਵੇਂ ਲਾਈਨਰ, ਕੱਜਲ ਅਤੇ ਲਿਪਸਟਿਕ।

ਲਿਪਸਟਿਕ ਦੀ ਵਰਤੋਂ ਤਾਂ ਲਗਭਗ ਹਰ ਲੜਕੀ ਕਰਦੀ ਹੈ ਕਿਉਂਕਿ ਭਾਵੇਂ ਹੋਰ ਕਿਸੇ ਤਰ੍ਹਾਂ ਦਾ ਮੇਕਅਪ ਕੀਤਾ ਹੋਵੇ ਜਾਂ ਨਾ, ਪਰ ਚਿਹਰੇ 'ਤੇ ਅਸਲ ਗ੍ਰੇਸ ਸਿਰਫ ਲਿਪਸਟਿਚਕ ਨਾਲ ਆਉਂਦੀ ਹੈ। ਇਸ ਨੂੰ ਲਾਉਂਦੇ ਹੀ ਲੁਕ ਅਟ੍ਰੈਕਟਿਵ ਦਿਖਾਈ ਦੇਣ ਲੱਗਦੀ ਹੈ। ਲਿਪਸਟਿਕ ਵਿੱਚ ਤੁਹਾਨੂੰ ਲਾਈਟ ਹੋਵੇ ਜਾਂ ਡਾਰਕ, ਹਰ ਕਲਰ ਦੀ ਚੰਗੀ ਚੁਆਇਸ ਮਿਲ ਜਾਵੇਗੀ। ਇਹ ਤੁਹ-ਾਡੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਗਲਾਸੀ ਲਿਪਸਟਿਕ ਚੂਜ਼ ਕਰਦੇ ਹੋ ਜਾਂ ਮੈਟ। ਸਰਦੀਆਂ ਵਿੱਚ ਲਿਪਸ ਡ੍ਰਾਈ ਹੋ ਜਾਂਦੇ ਹਨ, ਇਸ ਲਈ ਲੜਕੀਆਂ ਸ਼ਾਇਨੀ ਲਿਪਸਟਿਕ ਪਸੰਦ ਕਰਦੀਆਂ ਹਨ। ਤੁਸੀਂ ਆਪਣੇ ਬੁੱਲ੍ਹਾਂ ਨੂੰ ਸਮੇਂ-ਸਮੇਂ 'ਤੇ ਮੁਆਇਸਚਰ ਤੇ ਸਕ੍ਰੱਬ ਕਰਦੇ ਹੋ। ਇਨ੍ਹਾਂ ਸਾਫ ਰੱਖਣ ਲਈ ਬੈਸਟ ਕੁਆਲਿਟੀ ਦੀ ਲਿਪਬਾਮ ਅਤੇ ਗਲਿਸਰੀਨ ਦੀ ਵਰਤੋਂ ਕਰੋ।

ਲਾਈਟ ਕਲਰ 'ਚ ਟ੍ਰਾਈ ਕਰੋ ਇਹ ਲਿਪ ਸ਼ੇਡ

ਜੇ ਤੁਸੀਂ ਸੋਚਦੇ ਹੋ ਕਿ ਲਾਈਟ ਸ਼ੇਡ ਸਿਰਫ ਬੇਬੀ ਪਿੰਕ ਚੰਗਾ ਲੱਗਦਾ ਹੈ ਤਾਂ ਜ਼ਰਾ ਆਪਣੀ ਸੋਚ ਬਦਲੋ ਕਿਉਂਕਿ ਬੇਬੀ ਪਿੰਕ ਤੋਂ ਇਲਾਵਾ ਪੀਚ, ਡਸਟੀ ਬਰਾਊਨ, ਕੈਰੇਮਲ ਬਰਾਊਨ, ਬਬਲ ਪਿੰਕ, ਸੈਂਡਪਿੰਕ, ਲਾਈਟ ਮੋਵ, ਬੇਜ ਕਲਰ ਤੇ ਨਿਊਟਰਲ ਸ਼ੇਡਸ ਵੀ ਇਸੇ ਲਿਸਟ ਵਿੱਚ ਸ਼ਾਮਲ ਹਨ। ਇਨ੍ਹਾਂ ਵਿੱਚ ਤੁਸੀਂ ਮੈਟ ਅਤੇ ਸ਼ਾਇਨੀ ਦੋਵਾਂ ਕਲਰ ਦੀ ਵਰਤੋਂ ਕਰ ਸਕਦੇ ਹੋ। ਕੁਝ ਲੜਕੀਆਂ ਲਿਪਸਟਿਕ ਦੀ ਥਾਂ ਗਲੋਸ ਲਾਉਣਾ ਪਸੰਦ ਕਰਦੀਆਂ ਹਨ ਤਾਂ ਤੁਹਾਨੂੰ ਨਿਊਡ ਸ਼ੇਡਸ ਦੇ ਲਿਪ ਗਲੋਸ ਮਿਲ ਜਾਣਗੇ।

ਡਾਰਕ ਕਲਰ 'ਚ ਨਜ਼ਰ ਆਓ ਬੋਲਡ

ਉਂਝ ਇਨ੍ਹੀਂ ਦਿਨੀਂ ਲਿਪਸਟਿਕ ਦੇ ਨਿਊਡ ਸ਼ੇਡਸ ਟ੍ਰੈਂਡ ਵਿੱਚ ਹਨ, ਜੋ ਇਕਦਮ ਤੁਹਾਡੀ ਸਕਿਨ ਟੋਨ ਨਾਲ ਮੈਚ ਕਰਦੇ ਹਨ। ਬਾਲੀਵੁੱਡ ਦੀਵਾਜ਼ ਵੀ ਇਨ੍ਹੀਂ ਦਿਨੀਂ ਸ਼ੇਡਸ ਨਾਲ ਖੂਬ ਐਕਸਪੈਰੀਮੈਂਟ ਕਰ ਰਹੀਆਂ ਹਨ, ਫਿਰ ਵੀ ਬਹੁਤ ਸਾਰੀਆਂ ਲੜਕੀਆਂ ਖਾਸ ਕਰ ਕੇ ਔਰਤਾਂ ਵਿੰਟਰ ਤੇ ਵੈਡਿੰਗ ਸੀਜ਼ਨ ਵਿੱਚ ਡਾਰਕ ਸ਼ੇਡਸ ਹੀ ਅਪਲਾਈ ਕਰਦੀਆਂ ਹਨ। ਲਿਪਸਟਿਕ ਦਾ ਡਾਰਕ ਕਲਰ ਤੁਹਾਡੇ ਮੇਕਅਪ ਨੂੰ ਬ੍ਰਾਈਟ ਲੁਕ ਦਿੰਦਾ ਹੈ, ਜਿਸ ਨਾਲ ਸਕਿਨ ਕਲੀਅਰ ਤੇ ਗਲੋਇੰਗ ਦਿਖਾਈ ਦਿੰਦੀ ਹੈ। ਡਾਰਕ ਸ਼ੇਡਸ ਵਿੱਚ ਤੁਸੀਂ ਚੈਰੀ ਰੈਡ, ਮਹਿਰੂਨ,



ਵਾਈਨ, ਹੌਟ ਪਿੰਕ, ਡਾਰਕ ਚਾਕਲੇਟੀ ਬਰਾਊਨ ਟਰਾਈ ਕਰੋ।


ਧਿਆਨ 'ਚ ਰੱਖੋ ਇਹ ਗੱਲਾਂ

1. ਜੇ ਤੁਹਾਡੇ ਲਿਪਸ ਡਰਾਈ ਹਨ ਤਾਂ ਇਨ੍ਹਾਂ ਨੂੰ ਮੁਆਇਸਚਰਾਈਜ਼ ਕਰਨਾ ਨਾ ਭੁੱਲੋ ਅਤੇ ਲਿਪਸਟਿਕ ਵਿੱਚ ਵਿਟਾਮਿਨ ਈ, ਗਲਿਸਰੀਨ ਅਤੇ ਐਲੋਵੇਰਾ ਹੁੰਦਾ ਹੈ, ਜਿਸ ਨਾਲ ਬੁੱਲ੍ਹਾਂ 'ਚ ਚਮਕ ਆਉਂਦੀ ਹੈ।
2. ਜੇ ਤੁਸੀਂ ਆਪਣੇ ਲਿਪਸ ਨੂੰ ਪਤਲਾ ਦਿਖਾਉਣਾ ਚਾਹੁੰਦੇ ਹੋ ਤਾਂ ਮੈਟ ਲਿਪ-ਸਟਿਕ ਟ੍ਰਾਈ ਕਰੋ। ਇਹ ਤੁਹਾਡੇ ਲਿਪਸ ਨੂੰ ਪਾਰਦਰਸ਼ੀ ਦਿਖਾਉਂਦੀ ਹੈ, ਪਰ ਡਰਾਈ ਸਕਿਨ ਵਾਲੇ ਇਸ ਦੀ ਵਰਤੋਂ ਘੱਟ ਕਰਨ।
3. ਜੇ ਲਿਪਸ ਬਹੁਤ ਪਤਲੇ ਅਤੇ ਛੋਟੇ ਹਨ ਤਾਂ ਬੈਸਟ ਹੈ ਕਿ ਤੁਸੀਂ ਗਲਾਸੀ ਲਿਪਸਟਿਕ ਟਰਾਈ ਕਰੋ। ਇਹ ਚਾਰੇ ਪਾਸੇ ਫੈਲ ਕੇ ਲਿਪਸ ਨੂੰ ਪਲੰਪਿੰਗ ਲੁਕ ਦਿੰਦੀ ਹੈ।
4. ਲਿਪਸ ਨੂੰ ਹਾਈਲਾਈਟ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਸ਼ਿਮਰੀ ਗਿਲਿਟਰੀ ਲਿਪਸਟਿਕ ਲਾ ਸਕਦੇ ਹੋ।

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਓ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)



Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
♦ Free Evaluation of your Property
♦ Special Packages for First Time Buyer
♦ Arrangement of Low Mortgage rate Lawyer
♦ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.
FOR SALE — Photo Not Available — $129,900 — Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।
FOR SALE — $969,900 — Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।
FOR SALE — $799,900 — Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE — $3,249,000 — Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



## ਚੌਥੀ ਕਲਾਸ ਵਿੱਚ ਖਾਧੀ ਸੀ ਟੀਚਰਾਂ ਦੀ ਮਾਰ : ਸਲਮਾਨ ਖਾਨ



ਸਲਮਾਨ ਖਾਨ ਫਿਲਮ 'ਨੋਟਬੁੱਕ' ਨਾਲ ਪ੍ਰਨੂਤਨ ਅਤੇ ਜ਼ਹੀਰ ਇਕਬਾਲ ਨੂੰ ਲਾਂਚ ਕਰ ਰਹੇ ਹਨ। 'ਨੋਟਬੁੱਕ' ਦੀ ਕਹਾਣੀ ਕਸ਼ਮੀਰ ਵਿੱਚ ਸੈਟ ਹੈ। ਪ੍ਰਨੂਤਨ ਟੀਚਰ ਦੀ ਭੂਮਿਕਾ ਵਿੱਚ ਹੈ। ਫਿਲਮ ਵਿੱਚ ਸੱਤ ਬੱਚੇ ਵੀ ਹਨ। ਸਕੂਲੀ ਦਿਨਾਂ ਦੀਆਂ ਯਾਦਾਂ ਤਾਜ਼ਾ ਕਰ ਕੇ ਸਲਮਾਨ ਦੱਸਦੇ ਹਨ, 'ਮੇਰੇ ਟੀਚਰ ਫਾਦਰ ਹੈਨਰੀ ਜਿਊਂਦੇ ਹਨ। ਉਹ ਮੁੰਬਈ ਦੇ ਮਡਗਾਂਵ ਇਲਾਕੇ ਵਿੱਚ ਰਹਿੰਦੇ ਹਨ। ਮੈਂ ਅੱਜ ਵੀ ਉਨ੍ਹਾਂ ਦੇ ਸੰਪਰਕ ਵਿੱਚ ਹਾਂ। ਡਿਸੂਜਾ ਟੀਚਰ ਅਤੇ ਪੀ ਟੀ ਟੀਚਰ ਪਾਂਡੇ ਸਰ ਨਾਲ ਵੀ ਗੱਲ ਹੁੰਦੀ ਹੈ। ਮੇਰੀ ਕੁੱਟ ਚੌਥੀ ਕਲਾਸ ਤੋਂ ਸ਼ੁਰੂ ਹੋ ਗਈ ਸੀ। ਇਹ ਸਿਲਸਿਲਾ ਕਾਲਜ ਤੱਕ ਚੱਲਿਆ ਸੀ।' ਸਲਮਾਨ ਦੇ ਮੁਤਾਬਕ 'ਫਾਦਰ ਐਲਿਊ ਪ੍ਰਿੰਸੀਪਲ ਸਨ। ਬੋਰਡ ਪ੍ਰੀਖਿਆ ਵਿੱਚ ਉਨ੍ਹਾਂ ਨੇ ਮੈਨੂੰ ਪੁੱਛਿਆ, ਅੱਗੇ ਕੀ ਕਰੇਂਗਾ? ਮੈਂ ਕਿਹਾ ਕਿ ਜੇ ਜੇ ਸਕੂਲ ਆਫ ਆਰਟਸ ਜੁਆਇਨ ਕਰਾਂਗਾ। ਉਨ੍ਹਾਂ ਕਿਹਾ, ਮੈਨੂੰ ਤੇਰੇ 'ਤੇ ਮਾਣ ਹੈ। ਜਦ ਮੈਂ ਦਾਖਲਾ ਲੈਣ ਗਿਆ ਤਾਂ ਉਥੇ ਜ਼ੇਵੀਅਰਸ ਕਾਲਜ ਦੇਖ ਲਿਆ। ਮੈਂ ਜੇ ਜੇ ਆਰਟਸ ਵਿੱਚ ਦਾਖਲਾ ਲੈਂਦਾ ਤਾਂ ਸਾਰਿਆਂ ਨੂੰ ਲੱਗਦਾ ਕਿ ਮੈਂ ਪੜ੍ਹਨ ਨਹੀਂ ਆਇਆ, ਇਸ ਲਈ ਮੈਂ ਡਾਕਟਰ ਬਣਾਂਗਾ। ਫਾਦਰ ਐਲਿਊ ਨੂੰ ਪਤਾ ਲੱਗਾ ਤਾਂ ਹੈਰਾਨੀ ਨਾਲ ਉਨ੍ਹਾਂ ਪੁੱਛਿਆ, ਕੀ ਡਾਕਟਰ ਬਣੇਂਗਾ, ਜੋ ਸਾਇੰਸ ਲਈ ਹੈ? ਬਾਅਦ ਵਿੱਚ ਪਤਾ ਲੱਗਾ ਕਿ ਉਹ ਕੈਂਸਰ ਤੋਂ ਪੀੜਤ ਸਨ। ਮੇਰੀ ਭੈਣ ਅਲਵੀਰਾ ਉਨ੍ਹਾਂ ਦਾ ਨੰਬਰ ਲੈਣ ਸਕੂਲ ਗਈ ਸੀ, ਪਰ ਨੰਬਰ ਮਿਲ ਨਹੀਂ ਸਕਿਆ। ਬਾਅਦ ਵਿੱਚ ਮੇਰੇ ਦੋਸਤ ਨੇ ਦੱਸਿਆ ਕਿ ਉਨ੍ਹਾਂ ਦਾ ਦਿਹਾਂਤ ਹੋ ਗਿਆ ਹੈ। ਬਹਰਹਾਲ ਫਾਦਰ ਹੈਨਰੀ ਅਤੇ ਫਾਦਰ ਐਲਿਊ ਦੋਵਾਂ ਕੋਲੋਂ ਹੀ ਮੈਂ ਬਹੁਤ ਕੁੱਟ ਖਾਧੀ ਸੀ। ਅੱਜ ਮੇਰਾ ਜੋ ਮੁਕਾਮ ਹੈ, ਉਨ੍ਹਾਂ ਦੀ ਸਖਤੀ ਕਾਰਨ ਹੀ ਹੈ।'

## ਦੀਪਿਕਾ ਦੀ 'ਛਪਾਕ' ਦੇ ਲਈ ਇੰਤਜ਼ਾਰ ਕਰਨਾ ਹੋਵੇਗਾ

ਦੀਪਿਕਾ ਪਾਦੁਕੋਣ ਦੀ ਫਿਲਮ ਦੀ ਉਡੀਕ ਕਰਦੇ ਪ੍ਰਸ਼ੰਸਕਾਂ ਨੂੰ ਲੰਬਾ ਇੰਤਜ਼ਾਰ ਕਰਨਾ ਹੋਵੇਗਾ। ਉਨ੍ਹਾਂ ਦੀ ਫਿਲਮ 'ਛਪਾਕ' ਅਗਲੇ ਸਾਲ 10 ਜਨਵਰੀ ਨੂੰ ਰਿਲੀਜ਼ ਹੋਵੇਗੀ। ਦੀਪਿਕਾ ਨੇ ਬੀਤੇ ਦਿਨੀਂ 'ਛਪਾਕ' ਦਾ ਫਸਟ ਲੁਕ ਰਿਲੀਜ਼ ਕੀਤਾ। ਮੇਘਨਾ ਗੁਲਜ਼ਾਰ ਦੇ ਨਿਰਦੇਸ਼ਨ ਹੇਠ ਬਣਦੀ ਇਹ ਫਿਲਮ ਐਸਿਡ ਅਟੈਕ ਸਰਵਾਈਵਰ ਲਛਮੀ ਅਗਰਵਾਲ ਦੀ ਜ਼ਿੰਦਗੀ 'ਤੇ ਆਧਾਰਤ ਹੈ। ਦੀਪਿਕਾ ਵੱਲੋਂ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਤਸਵੀਰ ਦੇਖ ਕੇ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਉਹ ਦੀਪਿਕਾ ਹੈ। ਉਸ ਨੇ ਲਿਖਿਆ, "ਇੱਕ ਅਜਿਹਾ ਕਿਰਦਾਰ, ਜੋ ਹਮੇਸ਼ਾ ਮੇਰੇ ਨਾਲ ਰਹੇਗਾ।" ਪਿਛਲੇ ਸਾਲ ਸੰਜੇ ਲੀਲਾ ਭੰਸਾਲੀ ਦੇ ਨਿਰਦੇਸ਼ਨ ਵਾਲੀ ਫਿਲਮ 'ਪਦਮਾਵਤ' ਵਿੱਚ ਦੀਪਿਕਾ ਨਜ਼ਰ ਆਈ ਸੀ। ਬਾਅਦ ਵਿੱਚ ਉਸ ਨੇ ਰਣਵੀਰ ਸਿੰਘ ਨਾਲ ਵਿਆਹ ਕਰ ਲਿਆ। ਇਸ ਦੇ ਬਾਅਦ ਰਣਵੀਰ ਸਿੰਘ ਦੀਆਂ ਦੋ ਫਿਲਮਾਂ 'ਸਿੰਬਾ' ਅਤੇ 'ਗਲੀ ਬੁਆਏ' ਧੂਮ ਮਚਾ ਚੁੱਕੀਆਂ ਹਨ, ਪਰ ਦੀਪਿਕਾ ਦੀ ਕੋਈ ਫਿਲਮ ਰਿਲੀਜ਼ ਨਹੀਂ ਹੋਈ। 'ਛਪਾਕ' ਦੇ ਨਾਲ ਦੀਪਿਕਾ ਫਿਲਮ ਨਿਰਮਾਣ ਵਿੱਚ ਕਦਮ ਰੱਖ ਰਹੀ ਹੈ। ਗੌਰਤਲਬ ਹੈ ਕਿ ਲਛਮੀ ਅਗਰਵਾਲ 'ਤੇ ਸਾਲ 2005 ਵਿੱਚ ਐਸਿਡ ਅਟੈਕ ਹੋਇਆ ਸੀ, ਜਦ ਉਹ ਦਿੱਲੀ ਵਿੱਚ ਇੱਕ ਬਸ ਸਟਾਪ 'ਤੇ ਖੜ੍ਹੀ ਸੀ। ਇੱਕ ਸਾਲ ਬਾਅਦ ਲਛਮੀ ਨੇ ਜਨਹਿਤ ਪਟੀਸ਼ਨ ਦਾਖਲ ਕਰ ਕੇ ਐਸਿਡ 'ਤੇ ਪਾਬੰਦੀ ਦੀ ਮੰਗ ਕੀਤੀ ਸੀ। ਫਿਰ ਸੁਪਰੀਮ ਕੋਰਟ ਨੇ 18 ਸਾਲ ਤੋਂ ਘੱਟ ਉਮਰ ਦੇ ਲੋਕਾਂ 'ਤੇ ਐਸਿਡ ਖਰੀਦਣ 'ਤੇ ਰੋਕ ਲਾ ਦਿੱਤੀ ਸੀ। ਲਛਮੀ ਕਈ ਪੁਰਸਕਾਰਾਂ ਨਾਲ ਨਿਵਾਜੀ ਜਾ ਚੁੱਕੀ ਹੈ।



## ਆ ਗਿਆ ਮੇਰਾ ਟਾਈਮ : ਬਿਦਿਤਾ ਬਾਗ

ਹਿੰਦੀ 'ਚ ਫਿਲਮ 'ਬਾਬੂ ਮੋਸ਼ਾਏ ਬੰਦੂਕਬਾਜ਼' ਨਾਲ ਆਪਣੇ ਕਰੀਅਰ ਸ਼ੁਰੂ ਕਰਨ ਵਾਲੀ ਬਿਦਿਤਾ ਬਾਗ ਪਿੱਛੇ ਜਿਹੇ ਵੈੱਬ ਸੀਰੀਜ਼ 'ਦਿ ਸ਼ੋਅਲੇ ਗਰਲ' ਵਿੱਚ ਦਿਖਾਈ ਦਿੱਤੀ ਸੀ। ਇਹ ਇੱਕ ਬਾਇਓਪਿਕ ਸੀ, ਜਿਸ 'ਚ ਭਾਰਤ ਦੀ ਪਹਿਲੀ ਸਟੰਟ ਵੂਮੈਨ ਰੇਸ਼ਮਾ ਪਠਾਨ ਦੀ ਜ਼ਿੰਦਗੀ ਦਿਖਾਈ ਸੀ। ਪੇਸ਼ ਹਨ ਬਿਦਿਤਾ ਨਾਲ ਇੱਕ ਗੱਲਬਾਤ ਦੇ ਅੰਸ਼ :

* ਤੁਹਾਡੇ ਪ੍ਰੋਫਾਈਲ 'ਚ 'ਸ਼ੋਅਲੇ' ਸ਼ਬਦ ਵੀ ਜੁੜ ਗਿਆ ਹੈ। ਇਹ ਫਿਲਮ ਤੁਹਾਨੂੰ ਕਿਵੇਂ ਮਿਲੀ?

– ਇਸ ਭਾਵਨਾ ਨੂੰ ਬਿਆਨ ਕਰਨਾ ਮੁਸ਼ਕਲ ਹੈ ਕਿ ਮੇਰੀ ਫਿਲਮ ਦਾ ਸ਼ੋਅਲੇ ਨਾਲ ਕੁਨੈਕਸ਼ਨ ਹੈ। ਇਹ ਫਿਲਮ ਭਾਰਤੀ ਇਤਿਹਾਸ ਦੀ ਆਈਕੋਨਿਕ ਫਿਲਮ ਹੈ। ਮੈਨੂੰ ਲੱਗਦਾ ਹੈ ਕਿ ਜਿਵੇਂ ਮੈਂ ਭਾਰਤੀ ਫਿਲਮ ਇਤਿਹਾਸ ਦਾ ਹਿੱਸਾ ਹਾਂ। ਮੈਨੂੰ ਲੱਗਦਾ ਹੈ ਕਿ ਲੋਕਾਂ ਨੇ ਮੈਨੂੰ 'ਬਾਬੂਮੋਸ਼ਾਏ ਬੰਦੂਕਬਾਜ਼' ਵਿੱਚ ਦੇਖਿਆ ਅਤੇ ਪਸੰਦ ਕੀਤਾ। ਉਹ ਕਿਸੇ ਅਜਿਹੀ ਕੁੜੀ ਨੂੰ ਇਸ ਫਿਲਮ ਵਿੱਚ ਚੁਣਨਾ ਚਾਹੁੰਦੇ ਸਨ, ਜੋ ਥੋੜ੍ਹੀ ਵੱਖ ਹੁੰਦੀ ਅਤੇ ਜਿਸ ਵਿੱਚ ਅਭਿਨੈ ਦਾ ਗੁਣ ਹੁੰਦਾ ਤੇ ਜਿਹੜੀ ਰੇਸ਼ਮਾ ਪਠਾਨ ਵਰਗੀ ਦਿਸਦੀ ਹੋਵੇ। ਮੈਂ ਉਨ੍ਹਾਂ ਦੀ ਇਹ ਲੋੜ ਪੂਰੀ ਕੀਤੀ। ਰੇਸ਼ਮਾ ਪਠਾਨ ਦਾ ਕੱਦ ਅਤੇ ਸਰੀਰ ਇੱਕੋ ਹੀਰੋਇਨ ਵਰਗਾ ਸੀ ਅਤੇ ਮੈਂ ਕੁਝ-ਕੁਝ ਉਨ੍ਹਾਂ ਨਾਲ ਮਿਲਦੀ-ਜੁਲਦੀ ਹਾਂ। ਅੱਜ ਉਨ੍ਹਾਂ ਦੀ ਉਮਰ 65 ਦੀ ਹੋ ਚੁੱਕੀ ਹੈ।

* ਤੁਸੀਂ ਇਸ ਫਿਲਮ ਦੀ ਸ਼ੂਟਿੰਗ ਕਦੋਂ ਕੀਤੀ?

– ਅਸੀਂ ਫਰਵਰੀ ਵਿੱਚ ਬਹੁਤ ਘੱਟ ਸਮੇਂ ਵਿੱਚ ਇਸ ਦੀ ਸ਼ੂਟਿੰਗ ਕੀਤੀ ਸੀ। ਇੱਕ ਮਹੀਨੇ ਦੇ ਅੰਦਰ ਅਸੀਂ ਇਸ ਦੀ ਸ਼ੂਟਿੰਗ ਪੂਰੀ ਕਰ ਦਿੱਤੀ, ਡਬਿੰਗ ਕਰ ਲਈ ਅਤੇ ਪੋਸਟ ਪ੍ਰੋਡਕਸ਼ਨ ਦਾ ਕੰਮ ਨਬੇੜ ਲਿਆ।

* ...ਤਾਂ ਤੁਸੀਂ ਕਾਫੀ ਰੁੱਝੇ ਰਹੇ।

– ਹਾਂ, ਮੈਂ ਹਮੇਸ਼ਾ ਤੋਂ ਇੱਕ ਐਕਸ਼ਨ ਫਿਲਮ ਕਰਨਾ ਚਾਹੁੰਦੀ ਸੀ। ਇਹ ਫਿਲਮ ਇੱਕ ਐਕਸ਼ਨ ਫਿਲਮ ਹੈ। ਅਸੀਂ ਇਸ ਦੀ ਸ਼ੂਟਿੰਗ ਬਾਂਬੇ ਦੇ ਕਈ ਸਥਾਨਾਂ ਜਿਵੇਂ ਨਵਾਗਾਂਵ, ਮੁਕੇਸ਼ ਮਿਲ ਅਤੇ ਫਿਲਮ ਸਿਟੀ 'ਚ ਕੀਤੀ ਸੀ।

* ਤੁਹਾਨੂੰ ਚੁਣੌਤੀ ਪੂਰਨ ਭੂਮਿਕਾਵਾਂ ਪਸੰਦ ਹਨ? ਇਸ ਕਿਰਦਾਰ ਲਈ ਕਿਸ ਤਰ੍ਹਾਂ ਤਿਆਰੀ ਕੀਤੀ?

– ਹਮੇਸ਼ਾਂ ਤੋਂ ਮੈਂ ਐਕਸ਼ਨ ਫਿਲਮ ਕਰਨਾ ਚਾਹੁੰਦੀ ਸੀ। ਮੈਂ ਮਾਰਸ਼ਲ ਆਰਟਸ 'ਚ ਟਰੇਨਿੰਗ ਲਈ ਅਤੇ ਰੁਟੀਨ 'ਚ ਯੋਗਾ ਕਰਦੀ ਹਾਂ। ਇਸ ਕਿਰਦਾਰ ਦੀ ਤਿਆਰੀ ਮੈਂ ਸੈਟ 'ਤੇ ਕੀਤੀ ਸੀ। ਇਸ ਕਿਰਦਾਰ ਲਈ ਕਾਫੀ ਦਿਮਾਗੀ ਤਾਕਤ ਦੀ ਲੋੜ ਸੀ। ਮੇਰੀ ਮਾਰਸ਼ਲਆਰਟ ਦੀ ਟਰੇਨਿੰਗ ਵੀ ਮੇਰੇ ਲਈ ਬਹੁਤ ਮਦਦਗਾਰ ਸਾਬਿਤ ਹੋਈ। ਇਸ ਤਰ੍ਹਾਂ ਇਹ ਫਿਲਮ ਮੈਂ ਬਹੁਤ ਆਸਾਨੀ ਨਾਲ ਕਰ ਲਈ।

* ਕੀ ਤੁਸੀਂ ਰਮੇਸ਼ਾ ਪਠਾਨ ਨਾਲ ਵੀ ਗੱਲਬਾਤ ਕੀਤੀ ਸੀ?

– ਹਾਂ, ਮੈਂ ਕਾਫੀ ਗੱਲਬਾਤ ਕੀਤੀ ਸੀ। ਮੈਨੂੰ ਉਹ ਬਹੁਤ ਪਸੰਦ ਕਰਦੀ ਹੈ। ਉਨ੍ਹਾਂ ਦੀ ਇੱਕ ਵੱਖਰੀ ਮੇਕਅਪ ਵੈਨ ਸੀ, ਫਿਰ ਵੀ ਉਹ ਮੇਰੀ ਮੇਕਅਪ ਵੈਨ 'ਚ ਆ ਕੇ 'ਚਿਲ' ਕਰਿਆ ਕਰਦੀ ਸੀ। ਮੈਂ ਰੋਜ਼ ਉਨ੍ਹਾਂ ਨੂੰ ਪਿਕ ਕਰਦੀ ਤੇ ਉਹ ਮੇਰੇ ਕਮਰੇ 'ਚ ਬੈਠੀ ਰਹਿੰਦੀ। ਉਨ੍ਹਾਂ ਨੇ ਰੇਖਾ, ਡਿੰਪਲ ਕਪਾਡੀਆ ਅਤੇ ਦੁਰਗਾ ਖੋਟੇ ਲਈ ਸਟੰਟ ਕੀਤੇ ਹਨ। ਉਹ ਅਜੇ ਵੀ ਬਹੁਤ ਐਕਟਿਵ ਹੈ। ਉਨ੍ਹਾਂ ਨੇ ਆਪਣਾ ਐਕਟਿੰਗ ਡੈਬਿਊ ਰੋਹਿਤ ਸ਼ੈੱਟੀ ਦੀ ਫਿਲਮ 'ਗੋਲਮਾਲ' ਨਾਲ ਕੀਤਾ ਸੀ। ਇਹ ਫਿਲਮ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਸ਼ਾਨਦਾਰ ਪਲਾਂ ਬਾਰੇ ਹੈ।

* ਇਸ ਫਿਲਮ ਦੇ ਟ੍ਰੇਲਰ ਦੀ ਸ਼ੁਰੂਆਤ 'ਸ਼ੋਅਲੇ' ਦੇ ਟਾਂਗਾ ਸੀਨ ਨਾਲ ਹੁੰਦੀ ਹੈ?

– ਇਸ ਦੀ ਸ਼ੂਟਿੰਗ ਦੌਰਾਨ ਉਨ੍ਹਾਂ ਨੂੰ ਕਾਫੀ ਸੱਟ ਲੱਗ ਗਈ ਸੀ। ਸੀਨ 'ਚ ਜਦੋਂ ਟਾਂਗਾ ਉਲਟਿਆ ਤਾਂ ਇਹ ਸਕ੍ਰਿਪਟ ਦਾ ਹਿੱਸਾ ਨਹੀਂ, ਐਕਸੀਡੈਂਟ ਸੀ ਅਤੇ ਨਿਰਦੇਸ਼ਕ ਨੇ ਇਸ ਨੂੰ ਰੱਖਣ ਦਾ ਫੈਸਲਾ ਲਿਆ ਕਿਉਂਕਿ ਇਹ ਬਹੁਤ ਸ਼ਾਨਦਾਰ ਸੀ।



ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ........... 905-495-3336
2. 80 Pertosa Drive Brampton ON L5X-5E9 ........... 905-460-0009
3. 2120 North park drive Brampton ON L6S 0C9 ........... 905-793-1338
4. 284 Orenda Road #13 Brampton ON L6T 5S3 ........... 905-450-9167
5. 10 Westmore Drive Etobicoke ON M9V-3Z7 ........... 416-740-3262
6. 1075 Ceremonial Drive Mississauga ON L5R-2Z4........... 905-502-1600
7. 308 Eddystone Ave North York ON M3N-1H7 ........... 416-740-3360
8. 10510 Torbram Road, Brampton ........... 905-790-0030
9. 10 Pannahill Dr, Brampton ........... 905 913-8017
10. 21 Lacoste Blvd, Brampton, ON L6P 2K2 ........... 905 794-8109





www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED
OR HE'LL BUY IT!*
*Some Conditions Apply

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/GTA Call Jag Today To Sell Your Property For Top $$$ & Accurate Price





BRAMPTON $679,905
ਚਿੰਗਕੁਜ਼ੀ/ਵੀਲੀਅਮ ਪਾਕ੍ਰਵੇ
SOLD $20,000 OVER ASKING PRICE



BRAMPTON $644,905
ਬਰੈਮਲੀ ਰੋਡ/ ਸੈਂਡਲਵੂਡ
ਬਹੁਤ ਸੋਹਣਾ 3+3 ਬੈਡਰੂਮ ਐਂਡ 5 ਵਾਸ਼ਰੂਮ ਦੇ ਡਿਟੈਚਡ ਡਬਲ ਸਟੋਰੀ ਘਰ ਨੂੰ ਫਿਨਿਸ਼ਡ ਬੈਸਮੈਂਟ, 4 ਕਾਰਾਂ ਦੀ ਪਾਕ੍ਰਿੰਗ ਆਲਾ ਗਰਾਜ ਤੇ ਬਹੁਤ ਸਾਰੀਆਂ ਅਪਗ੍ਰੇਡਸ, ਵੁਡ ਫਲੋਰ, ਨਵੇਂ ਰੂਫ ਸ਼ਿੰਗਲ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।




BRAMPTON $849,905
ਵੈਨਲੈਸ/ਵੈਨ ਕ੍ਰਕ
ਸਾਫ-ਸੁਥਰਾ 4 ਬੈਡਰੂਮ ਤੇ 4 ਵਾਸ਼ਰੂਮਾਂ ਦਾ ਡਿਟੈਚ ਘਰ, ਹਾਰਡਵੁਡ ਫਲੋਰ, ਡਬਲ ਡੋਰ ਇੰਨਟਰੈਂਸ, ਸਟੇਨਲੈਸ ਸਟੀਲ ਅਪਲਾਇੰਸਿਸ, ਮੇਨ ਫਲੋਰ ਨੂੰ 9 ਫੁੱਟ ਸਿਲਿੰਗ, ਸੋਹਣੀ ਇਟ ਇੰਨ ਕਿੱਚਨ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।




BRAMPTON
ਗੋਰਵੇ/ਕੰਟਰੀਸਾਇਡ
ਸੋਹਣਾ ਤੇ ਸਾਫ ਸੁਥਰਾ 4 ਬੈਡਰੂਮ (approx.4100 sqft), 5 ਵਾਸ਼ਰੂਮ ਵਾਸ਼ਰੂਮ ਦਾ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।




BRAMPTON $1,679,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft) , 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ,ਹਾਰਡਵੁਡ ਫਲੌਰ, ਆਦਿ ਸਹੂਲਤਾਂ ਦੇ ਨੇੜੇ।



GUELPH $529,905
ਗਲਫ, ਉਨਟਾਰੀਓ
ਗੁਰੂ ਘਰ ਦੇ ਨੇੜੇ, 6 ਸਾਲ ਪੁਰਾਣਾ ਤੇ ਸਾਫ-ਸੁਥਰਾ 3 ਬੈਡਰੂਮ , 4 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਕਾਂਡੋ ਟਾਉਨ-ਹਾਉਸ। ਫੀਨਿਸ਼ਡ ਬੈਸਮੈਂਟ ਵਿੱਚ *rec room*, ਲੈਮੀਨੇਟਡ ਫਲੋਰ, ਮਾਸਟਰ ਬੈਡਰੂਮ ਨੂੰ 4 ਪੀਸ ਇਨ ਸੂਟ ਤੇ ਵਾਕ ਇਨ ਕਲੋਜ਼ਟ, ਸਕੂਲ, ਪਲਾਜ਼ਾ, ਆਦਿ ਦੇ ਨੇੜੇ।



REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



Grand Upholstery Ltd
Sofa Company Originality in Every Piece
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
Special on Sale
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com



Carte WEALTH MANAGEMENT INC.
KANG TAX & FINANCIAL SERVICES
Personal and Corporate Tax Filings**
RDSP, RESP, RRSP, TFSA Plans*
Home and Auto Insurance***
Free Tax Filing For New Immigrants
416-271-4877 Email: sukhwinder.kang@cartewm.com
Sukhwinder Kang (M.Sc. CFP) Financial Advisor
2645 ISLINGTON AVENUE, Unit # 101 ALBION & ISLINGTON, ETOBICOKE OVER INDIA BAZAR GROCERY STORE
* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca, tico.ca, IATA, WestJet vacations, transat, sunwing, AIR CANADA VACATIONS
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
○ 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
○ ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystem.com
Call: 416-452-0677



Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6 BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2 BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd, Mcvean Dr, Gore Rd, Squire Ellis Dr, DENTISTRY, Countryside Dr